# ਰਿਸ਼ਤਿਆਂ ਦੀ ਮਹਿਕ

**ਇਸੇ ਹੀ ਕਲਮ ਤੋਂ :**

1. ਅੱਖਾਂ ਵਿਚ ਤਰਦਾ ਗ਼ਮ—1994
2. ਹਰਫ਼ਾਂ ਦੀ ਖ਼ੁਸ਼ਬੋ—1998
3. ਮਿੱਟੀ ਰੰਗੇ ਸੁਪਨੇ—2001
4. ਮੇਰਾ ਕੋਈ ਅਨੁਪਾਤ ਨਹੀਂ—2003

# ਰਿਸ਼ਤਿਆਂ ਦੀ ਮਹਿਕ

(ਕਾਵਿ-ਸੰਗ੍ਰਹਿ)

ਗੁਰਦਿਆਲ ਪੱਲ੍ਹਾ

**Ristian Di Mehik**

by

**Gurdial Pallah**

Vill. Pallah. P.O. Gaggar Bhana.
Teh. Baba Bakala, Distt. Amritsar-143205
Ph. 01853-257931, Mob. 98156-05597.

2010
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
*visit us at : www.unistarbooks.com*
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਦੋਸਤਾਂ ਮਿੱਤਰਾਂ ਤੇ ਪਾਠਕਾਂ ਦੇ ਨਾਂ

**ਵਿਸ਼ੇਸ਼ ਸਹਿਯੋਗ**

ਬਲਬੀਰ ਬੋਲੀਨਾ

# ਤਤਕਰਾ


- ਰਿਸ਼ਤਿਆਂ ਦੀ ਮਹਿਕ 11
- ਜੀਵਨ ਦੇ ਅਨੁਪਾਤ 14
- ਧਰਤੀ ਹੇਠਲਾ ਬਲਦ 17
- ਮੈਂ ਨਹੀਂ ਚਾਹੁੰਦਾ 19
- ਉਡੀਕ ਵਿੱਚ 21
- ਆਸ-ਪਾਸ 23
- ਕਦੇ ਨਹੀਂ ਲੱਭਦੇ 25
- ਗੁਫ਼ਤਗੂ 27
- ਇਹ ਕੁੜੀ ਨਹੀਂ 29
- ਕਿੱਥੇ ਹੁੰਦੇ ਹਾਂ 31
- ਕਦੇ ਕਦੇ 33
- ਦਿਲ ਦੀ ਦਸਤਕ 35
- ਉਡੀਕ ਰੱਖੀਂ 38
- ਤਲਾਸ਼ 38
- ਸਾਹਾਂ ਦੇ ਕਰੀਬ 42
- ਆਪੋ ਆਪਣੀ ਸੀਮਾ 44
- ਪਤਾ ਨਹੀਂ 47
- ਸੁਪਨੇ ਵਰਗਾ ਅਜੀਜ਼ 49
- ਇਕ ਮੌਸਮ ਮੇਰਾ ਵੀ 51
- ਖੋਖਲਾ ਵਜੂਦ 53
- ਕੌਣ ਸੀ 56
- ਮੂਲ ਮੰਤਰ 58
- ਤਹਿਜੀਬ 60
- ਹੁੰਗਾਰਾ 61

- ਜਦ ਵੀ ਕਦੇ 63
- ਅੱਗ ਦੀ ਮਹਿਕ 65
- ਧੁੰਦਲੇ ਸੁਪਨੇ 67
- ਹਰ ਮੋੜ ਉੱਤੇ 69
- ਇਕ ਹੋਰ ਸੂਰਜ 71
- ਤੂੰ ਮਿਲਿਆ ਕਰ 73
- ਅੱਜ ਕੱਲ ਦੀ ਮਾਂ 77
- ਵਸੀਅਤ 79
- ਸ਼ੰਕਾ 81
- ਜਾਤ ਮਾਨਸ ਕੀ 85
- ਖਤਰਨਾਕ 89
- ਅਜੋਕੀ ਕਥਾ 91

# ਆਪਣੇ ਵੱਲੋਂ

ਮੈਂ ਕਵਿਤਾ ਜ਼ਰੂਰ ਲਿਖਦਾ ਹਾਂ ਪਰ ਸੁਪਨ ਸੰਸਾਰ ਵਿਚ ਰਹਿ ਕੇ ਨਹੀਂ। ਸਗੋਂ ਜ਼ਿੰਦਗੀ ਦੇ ਯਥਾਰਥ ਨੂੰ ਤਨ ਮਨ ਤੇ ਹੰਢਾ ਕੇ ਤੇ ਜੀਊ ਕੇ ਲਿਖਦਾ ਹਾਂ। ਕਵਿਤਾ ਲਿਖਣਾ ਮੇਰਾ ਸ਼ੌਕ ਹੈ ਪੇਸ਼ਾ ਨਹੀਂ। ਹਰ ਕਵਿਤਾ ਹੀ ਖ਼ੂਬਸੂਰਤ ਹੁੰਦੀ ਹੈ ਜੇ ਸੱਚ ਮੁੱਚ ਹੀ ਉਹ ਕਵਿਤਾ ਹੋਵੇ। ਮੇਰੀ ਕਾਮਨਾ ਹੈ ਕਿ ਜ਼ਿੰਦਗੀ ਦੀਆਂ ਸਾਰੀਆਂ ਖਾਹਿਸ਼ਾਂ ਚੇਤਨ ਰੂਪ ਵਿੱਚ ਕਵਿਤਾ ਦੇ ਹਾਣ ਦੀਆਂ ਹੋ ਜਾਣ।

ਅਲੋਚਨਾ ਹੁੰਦੀ ਰਹੇ ਇਸਦਾ ਮੈਂ ਤਹਿ ਦਿਲੋਂ ਸਵਾਗਤ ਕਰਦਾ ਹਾਂ। ਠੀਕ ਤੇ ਸਹੀ ਅਲੋਚ ਨਾ ਨਾਲ ਕਵੀ ਦੀ ਕਲਮ ਨੂੰ ਠੀਕ ਸੇਧ ਮਿਲਦੀ ਹੈ ਤੇ ਇਸ ਅਲੋਚਨਾ ਦੇ ਆਸਰੇ ਕਵੀ ਦਾ ਵਿਕਾਸ ਹੁੰਦਾ ਹੈ। ਕਵਿਤਾ ਦਾ ਮੇਰਾ ਇਹ ਪੰਜਵਾਂ ਸੰਗ੍ਰਹਿ ਹੈ। ਕੁਝ ਕਾਰਨਾਂ ਕਰਕੇ ਛਪਣ ਵਿੱਚ ਦੇਰੀ ਜ਼ਰੂਰ ਹੋ ਗਈ ਹੈ। ਫਿਰ ਵੀ ਕਵਿਤਾ ਦਾ ਇਹ ਕਿਹੜਾ ਪੜਾਅ ਹੈ ਇਸ ਬਾਰੇ ਮੈਂ ਕੁਝ ਨਹੀਂ ਜਾਣਦਾ। ਪੰਜਾਬੀ ਸਾਹਿਤ ਜਗਤ ਵਿੱਚ ਮੇਰਾ ਇਹ ਮਮੂਲੀ ਜਿਹਾ ਯੋਗਦਾਨ ਹੈ। ਮੇਰਾ ਇਹ ਸਫ਼ਰ ਪੜਾਅ ਦਰ ਪੜਾਅ ਹੌਲੀ ਹੌਲੀ ਤੁਰਦਾ ਰਹੇ ਇਹ ਮੇਰੀ ਦਿਲੀ ਤਮੰਨਾ ਹੈ। ਉਮੀਦ ਹੈ ਕਿ ਤੁੱਛ ਜਿਹੀ ਬੁੱਧੀ ਨਾਲ ਪਾਠਕਾਂ ਦੀ ਆਸ ਮੁਤਾਬਕ ਖ਼ਰਾ ਉਤਰਾਂਗਾ।

ਸ.ਸ. ਮੀਸ਼ਾ ਤੇ ਸੁਰਜੀਤ ਹਾਂਸ ਹੋਣਾਂ ਦਾ ਮੈਂ ਬਹੁਤ ਹੀ ਰਿਣੀ ਹਾਂ ਜਿਹਨਾਂ ਨੇ ਕਾਲਜ ਪੜ੍ਹਦੇ ਸਮੇਂ ਕਵਿਤਾ ਲਿਖਣ ਦੀ ਚੇਟਕ ਲਾਈ ਤੇ ਪ੍ਰੇਰਨਾ ਦਿਤੀ।

ਹਰ ਇਕ ਦਾ ਬਹੁਤ ਬਹੁਤ ਧੰਨਵਾਦ..

ਗੁਰਦਿਆਲ ਪੱਲ੍ਹਾ

## ਰਿਸ਼ਤਿਆਂ ਦੀ ਮਹਿਕ

ਮੈਂ ਹੋਣੀ ਦੇ ਪਰਛਾਵੇਂ ਖੜ੍ਹਾ
ਰਿਸ਼ਤਿਆਂ 'ਚ ਆਏ ਤੂਫਾਨਾਂ ਦਾ
ਕੁਝ ਪਲਾਂ ਦਾ ਭਰਮ ਪਾਲਕੇ
ਆਪਣੇ ਆਪ 'ਚ ਗੁੰਮ ਹੋ ਕੇ
ਭਾਲਦਾ ਰਿਹਾ ਰਿਸ਼ਤਿਆਂ ਦੀ ਮਹਿਕ
ਹਰ ਕੋਨੇ ਲੱਗੀ ਉਦਾਸੀ ਵਿਚੋਂ
ਤੇ ਰਾਹਾਂ ਦੀ ਉੱਡਦੀ ਧੂੜ ਵਿਚੋਂ
ਮਹਿਕਣ ਲੱਗਦੇ ਹਨ
ਗਿਣਤੀ ਮਿਣਤੀ ਦੇ ਸਾਰੇ ਰਿਸ਼ਤੇ
ਤਾਂ ਹੋ ਜਾਂਦੇ ਹਾਂ ਜੀਣ ਜੋਗੇ।
ਇਕ ਰਿਸ਼ਤਾ ਹੁੰਦਾ
ਖ਼ੁਸ਼ੀ ਗਮੀਂ ਦੇ ਚਿਹਰੇ ਦਾ
ਸਿਰ ਤੇ ਸਜੇ ਸਿਹਰੇ ਦਾ
ਇਕ ਰਿਸ਼ਤਾ ਹੁੰਦਾ
ਮੌਸਮੀ ਫੁੱਲਾਂ ਦੇ ਗੁਲਦਾਨਾਂ ਦਾ

ਮਿੱਟੀ ਨਾਲ ਮਿੱਟੀ ਹੋਏ ਇਨਸਾਨਾਂ ਦਾ
ਇਕ ਰਿਸ਼ਤਾ ਯਾਰਾਂ ਤੇ ਬਹਾਰਾਂ ਦਾ
ਅੰਬਰ ਤੇ ਕੂੰਜਾਂ ਦੀਆਂ ਡਾਰਾਂ ਦਾ
ਹੱਥ ਤੇ ਹੱਥ ਦੀਆਂ ਲਕੀਰਾਂ ਦਾ
ਖਿੱਦੋ ਖੂੰਡੀ ਤੇ
ਖਿੱਦੋ ਦੀਆਂ ਲੀਰਾਂ ਦਾ
ਇਕ ਰਿਸ਼ਤਾ ਹੁੰਦਾ
ਖ਼ਤ ਤੇ ਖ਼ਤ ਤੇ ਲਿਖੇ ਹਰਫ਼ਾਂ ਦਾ
ਉੱਚੇ ਪਰਬਤਾਂ ਜੰਮੀਆਂ ਬਰਫ਼ਾਂ ਦਾ
ਇਕ ਰਿਸ਼ਤਾ ਹੁੰਦਾ
ਬੰਸਰੀ ਤੇ ਹੋਠਾਂ ਦਾ
ਘਿਓ ਤੇ ਜਗਦੀਆਂ ਜੋਤਾਂ ਦਾ
ਇਕ ਰਿਸ਼ਤਾ ਅੱਖਰ ਤੇ ਲਿਖਾਰੀ ਦਾ
ਦਰ ਦਰ ਦੀ ਭਿੱਖਿਆ ਅਤੇ ਭਿਖਾਰੀ ਦਾ
ਇਕ ਰਿਸ਼ਤਾ ਹੁੰਦਾ
ਅੱਗ ਅਤੇ ਪਾਣੀ ਦਾ
ਦੁੱਧ ਅਤੇ ਮਧਾਣੀ ਦਾ
ਇਹ ਰਿਸ਼ਤੇ ਮੈਥੋਂ ਤਿੜਕ ਨਾ ਹੁੰਦੇ
ਤਨੋ ਮਨੋਂ ਝਿੜਕ ਨਾ ਹੁੰਦੇ
ਇਹ ਰਿਸ਼ਤੇ ਦਰਦ ਕਹਾਣੀ ਬਣਕੇ
ਅਤੀਤ ਦੇ ਚੇਤਿਆਂ ਵਿਚ

ਕਦੇ ਸੁੱਕ ਜਾਂਦੇ ਕਦੇ ਖਿੜ ਪੈਂਦੇ
ਫਿਰ ਅਨੋਖੀ ਹੀ ਅੰਗੜਾਈ ਲੈਂਦੇ
ਆਪਣੇ ਬੇਗਾਨੇ ਹੋ ਕੇ ਵੀ
ਰੂਹ ਦੀ ਇਹ ਧੜਕਣ ਬਣਦੇ
ਆਰ ਪਾਰ ਜ਼ਖਮੀ ਦਿਲਾਂ ਦੇ
ਉਦਾਸੀ ਭਰਿਆ ਸਫਰ ਕਰਦੇ
ਜ਼ਿੰਦਗੀ ਦੇ ਉਲਝੇ ਮੇਲੇ ਵਿਚ
ਰਿਸ਼ਤਿਆਂ ਦੇ ਇਸ ਝਮੇਲੇ ਵਿਚ
ਕਿੰਨੇ ਦੁੱਖ ਸੁੱਖ ਵਿਛੇ ਨੇ
ਤੇ ਕਿੰਨੇ ਖ਼ਾਬ ਰਿਸੇ ਨੇ।
ਇਹ ਸਾਰੇ ਰਿਸ਼ਤੇ
ਖ਼ਤਾਂ ਦੇ ਆਉਣ ਵਰਗੇ
ਤੇ ਜ਼ਿੰਦਗੀ ਨੂੰ ਜਿਊਣ ਵਰਗੇ
ਨਾ ਤੇਰੇ ਨਾ ਮੇਰੇ ਨੇ
ਪਤਾ ਨਹੀਂ ਇਹ ਕਿਸਦੇ ਨੇ
ਰਿਸ਼ਤੇ ਆਖਿਰ ਰਿਸ਼ਤੇ ਨੇ
ਇਹ ਰਿਸ਼ਤੇ
ਕਦੇ ਖ਼ਤਮ ਨਹੀਂ ਹੁੰਦੇ
ਇਹ ਰਿਸ਼ਤੇ
ਕਦੇ ਮੱਧਮ ਨਹੀਂ ਹੁੰਦੇ।

## ਜੀਵਨ ਦੇ ਅਨੁਪਾਤ

ਖੁਲ੍ਹਦੀ ਹੈ ਅੱਖ ਅਸਮਾਨ ਦੀ
ਧੜਕਦਾ ਹੈ ਜੀਵਨ ਦਾ ਸੰਗੀਤ
ਚਹਿਕਦੇ ਨੇ ਪੰਛੀ
ਡਾਰਾਂ ਵਿਚ ਉੱਡਦੇ ਚੁੰਗੀਆਂ ਭਰਦੇ
ਫਿਰ ਖੁਲ੍ਹਦੀ ਹੈ ਅੱਖ ਮੇਰੀ
ਐਵੇਂ ਦੀ ਸੁਸਤੀ ਵਿੱਚ
ਸੋਚਾਂ ਦੇ ਸਾਗਰ ਲੈਂਦਾ ਤਾਰੀਆਂ
ਖੋਲ੍ਹਦਾ ਹਾਂ ਖਿੜਕੀਆਂ ਤੇ ਬਾਰੀਆਂ
ਤਾਂ ਪਰਵੇਸ਼ ਹੁੰਦਾ ਹੈ
ਕਿਰਨਾਂ ਦਾ ਜਲੌਅ
ਦਿਲ ਵਰਗੇ ਕਮਰੇ ਅੰਦਰ
ਤੇ ਚਾਨਣ ਚਾਨਣ
ਹੋ ਜਾਂਦਾ ਹੈ ਰੂਹ ਦਾ ਅੰਬਰ

ਲੈਂਦਾ ਹਾਂ ਉਬਾਸੀ
ਭੰਨਦਾ ਹਾਂ ਅੰਗੜਾਈ
ਤਾਂ ਹੁੰਦੀ ਹੈ ਤਲਬ
ਚਾਹ ਦੇ ਕੱਪ ਦੀ
ਮਾਰਦਾ ਹਾਂ ਆਵਾਜ਼
ਤੇ ਆਉਂਦੀ ਹੈ ਬੀਵੀ
ਠੁੱਮਕ ਠੁੱਮਕ ਕਰਦੀ
ਪੋਲ਼ੇ ਪੋਲ਼ੇ ਪੈਰ ਧਰਦੀ
ਟਰੇਅ ਫੜੀ ਖੰਘੂਰਾ ਮਾਰਦੀ
ਬੈਠਦੀ ਹੈ ਬਰਾਬਰ
ਫਿਰ ਵਾਲਾਂ ਨੂੰ ਸੰਵਾਰਦੀ
ਅੱਖ ਮਿਲਾਉਂਦੀ ਥੋੜ੍ਹਾ ਮੁਸਕਰਾਉਂਦੀ
ਨਖ਼ਰਾ ਦਿਖਾਉਂਦੀ ਕੱਪ ਫੜਾਉਂਦੀ
ਮੈਂ ਸੁਰਕੜੇ ਮਾਰ ਪੀਵਾਂ
ਤੇ ਉਡੀਕ ਵਾਂਗ ਜੀਵਾਂ
ਆਪ—
ਸਹਿਜੇ ਸਹਿਜੇ ਸਿਪ ਕਰਦੀ
ਬਾਲ ਮੱਥੇ ਜਿਉਂ ਚੁੰਮਣ ਧਰਦੀ
ਤੇ ਇੰਜ ਲੱਗਦਾ
ਜਿਵੇਂ ਸੁਆਦ ਸੁਆਦ ਵਿਚ
ਪੀ ਰਹੀ ਹੈ ਮੇਰੇ ਜਿਸਮ ਦੀ ਮਹਿਕ

ਅਤੇ ਮੈਂ
ਹੋਣੀ ਦੀ ਅੱਗ ਤੇ
ਖੁਸ਼ੀ ਗ਼ਮੀਂ ਦਾ ਦਰਦ ਹੰਢਾਉਂਦਾ
ਖਿਆਲਾਂ ਹੀ ਖਿਆਲਾਂ ਵਿਚ
ਸਹਿਮ ਜਾਂਦਾ ਹਾਂ ਬਹਿਕ ਜਾਂਦਾ ਹਾਂ
ਅਤੇ ਇਸ ਤਰ੍ਹਾਂ ਹੀ
ਅਤੀਤ ਦੇ ਚੇਤਿਆਂ ਵਿਚ
ਖੁਦਕੁਸ਼ੀ ਹੋ ਜਾਂਦਾ ਹਾਂ
ਆਪਣਾ ਆਪ ਵੀ ਭੁੱਲ ਜਾਂਦਾ ਹਾਂ
ਅਤੇ ਭੁੱਲ ਜਾਂਦਾ ਹਾਂ
ਕੌਣ ਸੀ ਮੇਰੇ ਕੋਲ ਕਰਦਾ ਕਲੋਲ
ਹੁਣ ਜਦ ਛੁਹਦੀ ਹੈ
ਸੁੰਗੜਿਆ ਹੋਇਆ ਮੇਰਾ ਵਜੂਦ
ਤਾਂ ਖਿੜ ਪੈਂਦੀ ਹੈ
ਮਨ ਦੀ ਬੰਜਰ ਹੋਈ ਧਰਤੀ
ਉਜੜੀਆਂ ਪਲਕਾਂ ਵਿਚ ਵੀ
ਆ ਜਾਂਦੇ ਨੇ ਰੰਗੀਨ ਸੁਪਨੇ
ਨੂਰੀ ਸਵੇਰ ਦਾ ਇੱਕ ਟੋਟਾ
ਮੇਰੇ ਕੋਲ ਬੈਠ
ਖ਼ੈਰ ਸੁੱਖ ਮੰਗਦਾ ਮੁਸਕਾਨ ਵੰਡਦਾ
ਹੁਣ ਇਹ ਕਮਰਾ
ਬ੍ਰਹਿਮੰਡ ਹੋ ਗਿਆ ਲੱਗਦਾ ਹੈ
ਜਿਥੇ ਰਾਗ ਇਲਾਹੀ ਵੱਜਦਾ ਹੈ।

## ਧਰਤੀ ਹੇਠਲਾ ਬਲਦ

ਧਰਤੀ ਹੇਠਲਾ ਬਲਦ ਹਾਂ ਮੈਂ
ਜਿਸ ਦੇ ਸਿੰਗ ਉੱਤੇ
ਟਿਕਿਆ ਹੈ ਤਵਾਜ਼ਨ ਇਸ ਧਰਤੀ ਦਾ
ਜਦੋਂ ਥੱਕਦਾ ਹਾਂ
ਤਾਂ ਬਦਲ ਲੈਂਦਾ ਹਾਂ ਸਿੰਗ
ਹੁੰਦੀ ਹੈ ਫਿਰ ਹਿਲਜੁੱਲ
ਤੇ ਆਉਂਦਾ ਹੈ ਭੂਚਾਲ
ਜ਼ਿਹਨ ਵਿਚ ਉੱਠਦਾ ਹੈ
ਹਨੇਰੇ ਜੰਗਲ ਵਰਗਾ ਇੱਕ ਸਵਾਲ
ਜਿਸਦੀ ਹੁੰਦੀ ਨਹੀਂ ਕਦੇ ਵੀ ਭਾਲ
ਵਿਗੜ ਜਾਂਦਾ ਹੈ
ਕੁਦਰਤ ਦਾ ਸਾਰਾ ਨਿਜ਼ਾਮ
ਟੁੱਟਦਾ ਹੈ ਚੁਫ਼ੇਰੇ ਕਹਿਰ
ਤੇ ਫੈਲ ਜਾਂਦਾ ਹੈ ਹਨ੍ਹੇਰਾ
ਦਿਸਹੱਦਿਆਂ ਦੇ ਆਰ ਪਾਰ
ਰਿਹਾ ਨਹੀਂ ਹੁਣ
ਸੂਰਜ ਦੇ ਦਿਸਣ ਦਾ ਵੇਲਾ
ਵਰਤ ਜਾਂਦਾ ਹੈ ਰੱਬ ਦਾ ਭਾਣਾ
ਬੜਾ ਅਜ਼ਬ ਹੁੰਦਾ ਹੈ ਉਜਾੜਾ
ਵੀਰਾਨ ਹੋ ਜਾਂਦੇ ਨੇ
ਦਿਲਾਂ ਦੇ ਨਗਰ ਪਿੰਡ ਤੇ ਸ਼ਹਿਰ।
ਕੁਝ ਦੱਬਦਾ ਹੈ
ਕੁਝ ਉਭਰਦਾ ਹੈ
ਇਸ ਟੁੱਟ ਭੱਜ ਵਿਚੋਂ
ਨਿਕਲਦੇ ਹਨ

ਤਲਖ਼ ਜ਼ਿੰਦਗੀ ਦੇ ਰੰਗ
ਹਾਦਸਾ ਦਰ ਹਾਦਸਾ
ਖੰਡਿਤ ਹੁੰਦੇ ਨੇ
ਹਸਰਤ ਦੇ ਨਾਮੋ ਨਿਸ਼ਾਨ
ਅਤੀਤ ਦਾ ਸੁਪਨਾ ਸੁਲਘਦਾ ਵਰਤਮਾਨ।
ਕਿਸ ਬੇਵਸੀ ਵਿਚ
ਚੁੱਕਿਆ ਹੈ ਮੈਂ
ਫਾਲਤੂ ਜਿਹੇ ਮੋਹ ਦਾ ਭਾਰ
ਰਿਸ਼ਤਿਆਂ ਦਾ ਭਰਮ ਪਾਲਣਾ
ਤੇ ਸਿਤਮ ਦਾ ਤਣਾਅ ਜਰਨਾ
ਇਕੱਲਿਆਂ ਰਹਿਕੇ
ਆਪਣੇ ਆਪ ਨਾਲ ਗੱਲਾਂ ਕਰਨਾ
ਜ਼ਖ਼ਮਾਂ ਦੀ ਮਹਿਕ ਨਾਲ
ਦੋਸਤੀ ਪਾ ਕੇ
ਤਿਤਲੀ ਦੇ ਪਰਾਂ ਨੂੰ ਖ਼ਤ ਲਿਖਣਾ
ਲਿਖਣਾ ਕਿ—
ਝੱਖੜਾਂ ਦੇ ਮੌਸਮ ਵਿਚ ਵੀ
ਧਰਤੀ ਦੀ ਚੀਖ ਕਿਉਂ ਗੁੰਮ ਹੈ
ਚਿਰਾਗ਼ਾਂ ਨੂੰ ਬਲ਼ਦੇ ਰੱਖਣਾ
ਪੌਣਾਂ ਦਾ ਧਰਮ ਨਹੀਂ ਰਿਹਾ ਹੁਣ।
ਕਿਸੇ ਪਾਗਲ ਹਸਰਤ ਨੇ
ਕੀਤਾ ਹੋਵੇਗਾ ਮਜ਼ਬੂਰ
ਕੋਈ ਤਾਂ ਰਿਸ਼ਤਾ ਹੋਵੇਗਾ
ਤੇਰੀ ਮੇਰੀ ਹੋਂਦ ਦਾ ਜ਼ਰੂਰ
ਫਿਰ ਵੀ ਹਰ ਪਾਸੇ ਹੈ
ਸ਼ੋਰ ਸ਼ਰਾਬਾ ਅੰਨੀ ਭਗਦੜ
ਹਰ ਸ਼ਖ਼ਸ ਦੇ ਆਪਣੇ ਅੰਦਰ
ਐਵੇਂ ਤਾਂ ਨਹੀਂ ਹੁੰਦੇ ਧਮਾਕੇ
ਦਿਲਾਂ ਦੀ ਧਰਤੀ ਮਨ ਦੇ ਅੰਬਰ।

# ਮੈਂ ਨਹੀਂ ਚਾਹੁੰਦਾ

ਮੈਂ ਨਹੀਂ ਚਾਹੁੰਦਾ
ਕਿ ਤੇਰੇ ਕਮਰੇ ਲਈ
ਕਲੰਡਰ ਦੀ ਤਸਵੀਰ
ਜਾਂ ਮਹਿਜ਼ ਇੱਕ ਇਸ਼ਤਿਹਾਰ ਬਣਾ
ਤੇ ਲਟਕਿਆ ਰਵਾਂ
ਬੋਝਲ ਜਿਹਾ ਇਕਰਾਰ ਬਣਕੇ
ਤੇਰੇ ਸਾਹਾਂ ਵਿਚ
ਟੁੱਟਣ ਦੀ ਹਿੰਮਤ ਨਹੀਂ ਮੇਰੀ
ਗਤੀ ਹੋ ਕੇ ਤੁਰ ਲਵਾਂਗਾ
ਸਾਹ ਤੋਂ ਸਾਹ ਤੱਕ ਦਾ ਸਫਰ
ਬਾਹਵਾਂ ਫੈਲਾ ਕੇ
ਕਲਾਵਾ ਭਰ ਕੇ ਅੰਬਰ ਦਾ
ਤੇਰੇ ਮਨ ਦੀ ਧਰਤੀ
ਉਤਰ ਜਾਵਾਂ
ਮੱਥੇ ਤੇ ਮੱਘਦਾ
ਸੋਚਾਂ ਦਾ ਯਕੀਨ ਧਰਕੇ
ਸ਼ਾਇਦ ਘਾਇਲ ਸੱਧਰਾਂ ਨਾਲ ਹੀ
ਪਰਖਿਆ ਜਾਵੇਗਾ
ਸਾਹਾਂ ਵਿਚ ਧੜਕਦਾ
ਸਾਂਝ ਦਾ ਇਕ ਅਟੁੱਟ ਰਿਸ਼ਤਾ।

ਤੇਰੇ ਵਿਸ਼ਵਾਸ ਦੇ ਸਾਹਮਣੇ
ਮੈਂ ਬੌਣਾ ਜਾਂ
ਊਣਾ ਨਹੀਂ ਹੋਣਾ ਚਾਹੁੰਦਾ
ਪਲ਼ ਪਲ਼ ਟੁੱਟਕੇ ਵੀ
ਖਿਲਰ ਜਾਣਾ ਚਾਹੁੰਦਾ ਹਾਂ
ਪਛਤਾਵਿਆਂ ਦੇ ਉਸ ਜੰਗਲ ਵਿਚ
ਸੁਪਨਿਆਂ ਦੀ ਕਬਰ ਜਿਥੇ
ਹਵਾਵਾਂ ਤੋਂ ਖ਼ੈਰਾਂ ਮੰਗਦੀ
ਰੂਹ ਆਪਣੀ ਤੇ
ਤਨ ਮਨ ਨੂੰ ਰੰਗਦੀ।
ਬੂੰਦ ਬੂੰਦ ਹੋਈ ਚੇਤਨਾ ਹੁਣ
ਆਪਣੀ ਹੀ ਤਲਾਸ਼ ਵਿਚ
ਮੁੜ ਆਈ ਹੈ ਵਾਪਸ
ਅੱਖਾਂ 'ਚ ਲੈ ਕੇ
ਖ਼ੌਲਦੇ ਸਾਗ਼ਰ ਦਾ ਵਿਰਲਾਪ
ਜਿਸ ਵਿਚ ਸ਼ਾਮਿਲ
ਕੁਝ ਤਾਂ ਹੈ
ਹੀਣਾ ਜਿਹਾ ਨਿਗੂਣਾ ਜਿਹਾ
ਬੇਸਬਰ ਹੋਇਆ
ਹੋਣੀ ਆਪਣੀ ਦਾ ਸੰਤਾਪ।

# ਉਡੀਕ ਵਿੱਚ

ਕਿਸੇ ਆਮਦ ਦੀ ਉਡੀਕ ਵਿਚ
ਰੁਕੇ ਹੋਏ ਵੀ ਤੁਰਦੇ ਰਹਿਣਾ
ਬਣ ਗਿਆ ਹੈ ਮੇਰੀ ਆਦਤ
ਪਤਾ ਨਹੀਂ ਕਿੰਨੇ ਸਫ਼ਰ
ਤੈਅ ਕਰ ਲੈਂਦਾ ਹੈ ਦੱਬੇ ਪੈਰੀਂ
ਦਫ਼ਤਰ ਤੋਂ ਮਕਾਨ
ਮਕਾਨ ਤੋਂ ਘਰ
ਤੇ ਘਰ ਤੋਂ ਆਪਣੇ ਵੱਲ
ਫਿਰ
ਆਪਣੇ ਤੋਂ ਹੋਰ ਆਪਣੇ ਵੱਲ।
ਕਿਸੇ ਵੀ ਹਾਦਸੇ ਤੇ
ਕੋਈ ਚਿੰਤਾ ਨਹੀਂ ਹੋਈ
ਕਿਸੇ ਸ਼ੈਅ ਦੇ ਗੁਆਚਣ ਤੇ
ਯਕੀਨ ਨਹੀਂ ਗੁਆਚਾ ਕਦੇ
ਸਿਰਫ਼ ਮੱਥੇ ਵਿਚ ਉੱਗੇ
ਵਿਸ਼ਵਾਸ ਦੇ ਬੀਜ ਹੁੰਦੇ ਹਨ
ਜਿਸ ਸਦਕਾ
ਕਦਮਾਂ ਨੂੰ ਹੁੰਦੀ ਹੈ ਤਲਾਸ਼

ਆਪਣੇ ਹੀ ਡੁੱਲ੍ਹੇ ਹੋਏ ਖ਼ੂਨ ਦੀ
ਤੇ ਬਲ਼ਦੇ ਥਲ ਵਿਚੋਂ
ਪੀੜਾਂ ਦੀਆਂ ਪੈੜਾਂ ਦੀ
ਫਿਰ ਜਗ ਉੱਠਦੀ ਹੈ ਲੋਅ
ਅੱਖਾਂ ਵਿਚ
ਖ਼ੁਸ਼ੀ ਤੇ ਗ਼ਮੀਂ ਦੀ
ਹੋ ਜਾਂਦੇ ਹਨ
ਹਉਮੈ ਦੇ ਟੁਕੜੇ ਚਕਨਾਚੂਰ
ਟੁੱਟ ਜਾਂਦਾ ਹੈ
ਬੇਸਬਰੀ ਦਾ ਭਰਿਆ ਪਿਆਲਾ
ਤਾਂ ਪਹੁੰਚ ਜਾਂਦੇ ਹਾਂ
ਹੋਣੀ ਦੇ ਬਣਵਾਸ
ਕਦੀ ਉਮਰ ਦਾ ਜਿਥੇ
ਨਹੀਂ ਹੁੰਦਾ ਕੋਈ ਹਿਸਾਬ ਕਿਤਾਬ
ਪਲ ਪਲ ਕਿਰਦੇ ਵਜੂਦ ਦਾ
ਆਸ ਇਕ ਦਾ ਸਿਦਕ ਲੈ ਕੇ
ਰੁਕੇ ਹੋਏ ਵੀ ਤੁਰਦੇ ਰਹਿਣਾ
ਤੇ ਦਿਨ ਰਾਤ ਉਡੀਕੀ ਜਾਣਾ
ਬਣ ਗਿਆ ਹੈ
ਮੇਰੀ ਹੋਣੀ ਦਾ ਅਟੁੱਟ ਹਿੱਸਾ
ਜਿਸਦਾ
ਕੋਲ ਮੇਰੇ ਨਹੀਂ ਕੋਈ ਜਵਾਬ।

## ਆਸ-ਪਾਸ

ਜਿੱਥੇ ਕਿਤੇ ਹੋਵੇਗਾ
ਹੋਂਦ ਮੇਰੀ ਦਾ ਹਿੱਸਾ
ਉੱਥੇ ਹੀ ਕਿਤੇ ਹੋਵੇਗਾ
ਕੁਝ ਕੁ ਤੇਰਾ
ਆਪਣਾ ਪਨ ਬੇਗਾਨਾ ਪਨ
ਹੋਰ ਵੀ
ਬਹੁਤ ਕੁਝ ਹੋਵੇਗਾ ਉੱਥੇ
ਰੁੱਖ ਪਤਝੜ ਰਾਹ ਤੇ ਰਾਹੀ
ਸੁਪਨਿਆਂ ਵਿਚ ਜਿਹਨਾਂ ਨੇ
ਅੱਖਾਂ ਵਿਚ ਚੁਣਕੇ ਜ਼ਖ਼ਮੀ ਪਲ਼
ਬਰਫ਼ ਨਾਲ ਢੱਕੀ
ਸਾਰੀ ਧਰਤੀ ਗਾਹ ਮਾਰੀ।
ਕੁਝ ਹੀ ਵਿੱਥ ਤੇ
ਹੋਵੇਗੀ ਰੋਟੀ ਦੀ ਭੁੱਖ
ਤੇ ਨਦੀ ਦੀ ਪਿਆਸ
ਨਾ ਜਿਉਣ ਦੀ ਉਮੀਦ
ਨਾ ਮਰਨ ਦੀ ਆਸ
ਸੁਆਸ ਸੁਆਸ ਹੋਵੇਗਾ
ਕਿਸੇ ਸ਼ਿਕਵੇ ਦਾ ਅਹਿਸਾਸ

ਮਨ 'ਚ ਹੋਵੇਗਾ ਸਿਰਫ਼
ਇੱਕ ਕਿਰਨ ਦਾ ਵਿਸ਼ਵਾਸ
ਰਾਤ ਹੋਵੇਗੀ ਚੰਨ ਹੋਵੇਗਾ
ਤਨਹਾਈ ਹੋਵੇਗੀ ਆਸ-ਪਾਸ
ਉਜੜੇ ਮਨਾਂ ਦੀ ਕਥਾ
ਸੁਣਾਵੇਗੀ ਕੋਈ
ਦੁੱਖ ਭਰੀ ਆਵਾਜ਼ ਉਦਾਸ
ਹੋਵੇਗੀ ਚੁਫ਼ੇਰੇ
ਅੰਬਰ ਦੀ ਟਹਿਣੀ ਤੇ
ਪੰਛੀਆਂ ਦੇ ਗੀਤਾਂ ਦੀ ਮਿਠਾਸ
ਇਕ ਕੰਬਣੀ ਤੁਰਦੀ ਰਹੀ
ਜ਼ਿਹਨ ਦੇ ਅੰਦਰ ਸੁਆਸ ਸੁਆਸ
ਨਾ ਕਾਇਆ ਰਹੀ
ਨਾ ਰੂਹ ਦੀ ਖੇਡ
ਸੋਚਾਂ ਦੀ ਅੱਗ 'ਚ
ਸੜਦਾ ਰਿਹਾ ਇਹ ਹੱਡ ਮਾਸ
ਸਿਰਫ਼ ਧੜਕਦਾ ਹੈ
ਦਿਲ ਦੇ ਅੰਦਰ ਇਕ ਧਰਵਾਸ
ਤੇ ਨਾ ਹੋਕੇ ਵੀ ਜਿਵੇਂ
ਸਭ ਕੁਝ ਹੁੰਦਾ ਹੈ ਆਸ-ਪਾਸ।

## ਕਦੇ ਨਹੀਂ ਲੱਭਦੇ

ਜਿੱਥੇ ਲੱਭ ਰਹੀ ਸੈਂ ਤੂੰ ਮੈਨੂੰ
ਮੈਂ ਨਹੀਂ ਗੁਆਚਾ ਉੱਥੇ ਕਿਤੇ
ਗੁਆਚਣ ਵਾਲੀ ਸ਼ੈਅ ਥੋੜ੍ਹੀ ਸਾਂ ਮੈਂ।
ਗੁਆਚੇ ਤਾਂ ਲੱਭ ਪੈਂਦੇ ਹਨ
ਪਰ ਜੋ ਨਹੀਂ ਗੁਆਚਦੇ
ਕਦੇ ਨਹੀਂ ਲੱਭਦੇ।
ਇੱਥੇ ਹੀ ਪਿਆ ਸਾਂ ਮੈਂ ਕਿਤੇ
ਤੇਰੇ ਹੀ ਕੋਲ
ਤੇਰੇ ਹੀ ਇਰਦ ਗਿਰਦ
ਤੇਰੇ ਚੇਤਿਆਂ ਦੇ ਖ਼ਲਾਅ ਅੰਦਰ
ਸੋਚਾਂ ਦੀ ਪਰਵਾਜ਼ ਅੰਦਰ
ਤੇਰੇ ਆਪਣੇ ਹੀ
ਨੂਰ ਦੇ ਜਲੌਅ ਅੰਦਰ
ਦਿਲੋਂ ਉੱਠੀ
ਕਿਆਮਤ ਜਿਹੀ ਹੂਕ ਵਿੱਚ।

ਤੇਰੇ ਪੈਰਾਂ ਦੀਆਂ ਬਿਆਈਆਂ ਵਿੱਚ
ਟਸਕਦੀ ਪੀੜ ਜਿਹਾ
ਤੇਰੇ ਸੰਘ ਵਿੱਚ ਅਟਕੇ
ਹਟਕੋਰੇ ਦੀ ਜੂਨ ਜਿਹਾ।
ਤੇਰੇ ਹੱਥਾਂ ਦੇ ਭੂਗੋਲ ਵਿੱਚ
ਉੱਚ ਦੇ ਘਰ ਦਾ ਰਾਹੂ ਕੇਤੂ
ਤੇਰੇ ਮੱਥੇ ਦਾ
ਜਗਦਾ ਮਘਦਾ ਤੇਜ਼ ਤੱਪ
ਤੇਰੀ ਰੂਹ ਦੀ ਮਸਤੀ ਵਿੱਚ
ਪੌਣਾਂ ਵਿੱਚ ਪੌਣ ਹੋਇਆ
ਤੇਰੇ ਸਾਹਾਂ ਦੀ ਬਰਕਤ ਜਿਹਾ।
ਤੂੰ ਲੱਭ ਲਵੀਂ ਮੈਨੂੰ
ਧੁੰਦਲੀ ਜਿਹੀ ਨਜ਼ਰ ਵਿਚੋਂ
ਤੇਰੇ ਮਨ ਦੇ ਕਾਗ਼ਜ਼ ਤੇ
ਲਿਖੇ ਹਰ ਅੱਖ਼ਰ ਵਿਚੋਂ
ਦਿਲ ਨੂੰ ਆਉਂਦੇ
ਜਾਗਦੇ ਜਾਗਦੇ ਸੁਪਨਿਆਂ ਵਿਚੋਂ
ਤੇ ਉੱਜੜੇ ਦਿਨਾਂ ਦੇ
ਗ਼ਮ ਖਾਧੇ ਯਕੀਨ ਵਿਚੋਂ
ਬਹੁਤ ਹੀ ਨੇੜੇ ਹਾਂ
ਮੈਂ ਤੇਰੇ
ਜੇ ਲੱਭ ਹੁੰਦਾ ਤਾਂ ਲੱਭ ਲਵੀਂ
ਗੁਆਚਣ ਵਾਲੀ ਸ਼ੈਅ
ਥੋੜ੍ਹੀ ਹਾਂ ਮੈਂ।

## ਗੁਫ਼ਤਗੂ

ਮੇਰੇ ਅੰਦਰ
ਕਈ ਨਜ਼ਮਾਂ ਸੁੱਤੀਆਂ ਪਈਆਂ ਹਨ
ਜਦੋਂ ਜਾਗਦੇ ਨੇ ਅੱਖਰ
ਤਾਂ ਜਾਗ ਪੈਂਦਾ ਹੈ ਮੇਰਾ ਜ਼ਿਹਨ
ਧੜਕਣ ਲੱਗਦਾ ਹੈ ਮੇਰਾ ਆਲਾ-ਦੁਆਲਾ
ਰੁੱਖਾਂ ਵਿਚ ਵੀ ਪੈ ਜਾਂਦੀ ਹੈ ਜਾਨ
ਕਰਦੇ ਨੇ ਆਪਸ ਵਿਚ ਗੱਲਾਂ
ਕੌਂਦ ਰਾਹੀ
ਬੈਠੇ ਸਨ ਇਹਨਾਂ ਦੀ ਛਾਵੇਂ
ਥੱਕ ਹਾਰ ਕੇ ਥੱਕੇ ਟੁੱਟੇ
ਆਉਂਦੇ ਜਾਂਦੇ ਮੁਸਾਫ਼ਰ ਟਾਵੇਂ
ਕਿਸ ਛਾਂਗ ਦਿੱਤੇ ਸਨ
ਇਹਨਾਂ ਦੇ ਇਹ ਪਿਆਰੇ ਅੰਗ
ਤੇ ਚੁਰਾਏ ਨੇ ਕਿਸਨੇ
ਹਰੇ ਭਰੇ ਨਸ਼ੀਲੇ ਰੰਗ।
ਹੁਣ ਫਿਰ ਨਵੇਂ ਪੱਤਿਆਂ ਨੇ
ਮੱਲ ਲਈ ਹੈ ਪੁਰਾਣਿਆਂ ਦੀ ਥਾਂ
ਪੰਛੀ ਜਿੱਥੇ ਪਾਉਂਦੇ ਆਲ੍ਹਣਾ
ਤੇ ਦਿਨ ਰਾਤ ਲੈਂਦੇ ਪਨਾਹ
ਇਹਨਾਂ ਦੀਆਂ ਟੀਸੀਆਂ ਤੋਂ
ਪੁੰਗਰਦਾ ਹੈ ਸੰਗੀਤ ਦਾ ਆਲਮ
ਤਾਂ ਪੰਛੀ ਬਣ ਜਾਂਦੇ ਹਨ
ਉੱਡਣ ਹਾਰੇ ਗੀਤਾਂ ਦੀ ਰੂਹ
ਜਿਸਦੀ ਹੋਵੇ ਨਾ ਕੋਈ ਜੂਹ
ਹਵਾ ਵੀ ਸਰਕਦੀ ਹੈ
ਮਸਤ ਮਸਤ ਮਸਤਾਨੀ ਹੋਈ

ਜੋਬਨ ਦਾ ਹੁਲਾਰਾ ਲੈਂਦੀ
ਰੁੱਖਾਂ ਤੇ ਬੂਟਿਆਂ ਨਾਲ ਖਹਿੰਦੀ
ਝਰਦੇ ਹਨ ਸ਼ਬਦਾਂ ਦੇ ਰੰਗ
ਨਿਆਰੇ ਨਿਆਰੇ ਪਿਆਰੇ ਪਿਆਰੇ
ਵਹਿੰਦੀ ਹੈ
ਨਦੀ ਇੱਕ ਕਵਿਤਾ ਦੀ
ਖੋਰਦੀ ਹੈ ਆਪਣਾ ਵਜੂਦ
ਭੋਰਦੀ ਹੈ
ਆਪਣੇ ਅੱਗੇ ਆਉਂਦੇ
ਵਿੰਗ ਤੜਿੰਗੇ ਖਰ੍ਹਵੇ ਰਾਹ
ਕਤਰਾ ਕਤਰਾ ਹੋਇਆ ਸ਼ਾਂਤ ਸਮੁੰਦਰ
ਸਿਮਟ ਜਾਂਦਾ ਹੈ
ਸਮੇਂ ਦੀ ਮੁੱਠ ਵਿੱਚ
ਬੂੰਦ ਬੂੰਦ ਦੀ ਹੋਣੀ ਬਣਕੇ
ਅਸਤ ਹੋ ਰਹੇ ਸੂਰਜ
ਤੇ ਗੁਜ਼ਰੇ ਪਲਾਂ ਦੀ ਯਾਦ ਨਾਲ
ਟਹਿਕ ਪੈਂਦੀ ਹੈ ਸਾਰੀ ਕਾਇਨਾਤ
ਚੰਨ ਦੀ ਚਾਨਣੀ ਨਾਲ
ਰਾਤ ਵੀ ਨਹੀਂ ਲੱਗਦੀ ਰਾਤ
ਸੰਘਣੇ ਹਨ੍ਹੇਰੇ ਨੂੰ
ਚੂਸ ਲੈਂਦੇ ਹਨ
ਜਿਊਣ ਵਰਗੇ ਬੇ-ਚੈਨ ਜਿਹੇ ਸਿਦਕ।
ਅਤੇ ਫਿਰ ਇੱਕ ਭਰੋਸੇ ਨਾਲ
ਗੁਫ਼ਤਗੂ ਕਰਦੀ ਹੈ ਕਲਮ
ਸਿਰਜਦੀ ਹੈ ਚੁੱਪ ਦੀ ਭਟਕਣ
ਤਨ ਮਨ ਦੇ ਚੁੰਮਣ
ਜਲ ਤਰੰਗ ਜਿਹੇ ਯਾਦਾਂ ਦੇ ਫੁੰਮਣ
ਤੇ ਪਤਾ ਨਹੀਂ ਹੋਰ ਕੀ ਕੁਝ......!!
ਹੋਰ ਕੀ ਕੁਝ!!

## ਇਹ ਕੁੜੀ ਨਹੀਂ

ਇਹ ਇਕ ਕੁੜੀ ਨਹੀਂ
ਗ਼ਜ਼ਲ ਹੈ ਜਾਂ ਇਕ ਕਵਿਤਾ ਅਧੂਰੀ
ਮਹਿਜ ਇਕ ਦਾਸਤਾਨ ਹੈ
ਮੁਹੱਬਤ ਦੇ ਦਫ਼ਨ ਹੋਏ ਅੱਖਰਾਂ ਦੀ।
ਇਸ ਦੀਆਂ ਅੱਖਾਂ ਵਿੱਚ
ਸਹਿਕ ਰਹੇ ਹਨ ਤਰੇਲ ਤੁਪਕੇ
ਮੋਹ ਰਹਿਤ ਮੁਹੱਬਤ ਭਾਲਦੇ
ਆਪਣੀ ਹੀ ਪਿਆਸ ਵਿੱਚ ਡੁੱਬੇ।
ਇਸਦੇ ਜ਼ਿਹਨ ਅੰਦਰ
ਖੌਲ ਰਹੀਆਂ ਹਨ ਸਾਗਰ ਛੱਲਾਂ
ਅਕਸ ਕਿਸੇ ਤਨਹਾਈ ਦਾ
ਲੱਗਾ ਨਾ ਕਿਸੇ ਕਿਨਾਰੇ
ਅਣਚਾਹੀ ਚੁੱਪ ਦਾ ਸਫ਼ਰ ਬਣਕੇ।
ਇਸਦੇ ਨੱਕ ਵਿੱਚ
ਸਰਾਪੇ ਹੋਏ ਚੰਨ ਦਾ
ਲੌਂਗ ਪਿਆ ਲਿਸ਼ਕਾਰੇ ਮਾਰੇ
ਪਰ ਹਾਲੀਆਂ ਨੂੰ
ਹੱਲ ਡੱਕਣ ਲਈ ਮਜਬੂਰ ਨਾ ਕਰਦਾ।
ਇਸ ਦੀਆਂ ਜ਼ੁਲਫ਼ਾਂ
ਧਰਤੀ ਦੀ ਹਿੱਕ ਦਾ ਚਾਨਣ
ਅੱਖਰ ਹਨ ਖਿੜੇ ਖਿੜੇ
ਹਵਾਵਾਂ ਨੂੰ ਚੁਨੌਤੀਆਂ ਦਿੰਦੇ
ਦੋ ਹੱਥ ਕਰਨ ਨਾਲ ਤੂਫ਼ਾਨਾਂ
ਦਿਸ ਹੱਦੇ ਦੇ ਕਦੀ ਇਸ ਆਰ
ਦਿਸ ਹੱਦੇ ਦੇ ਕਦੀ ਉਸ ਪਾਰ।

ਇਸਦੇ ਹੱਥ ਹੈ
ਕੰਗਣ ਇਕ ਤਾਰਿਆਂ ਜੜਿਆ
ਹਨ੍ਹੇਰਿਆਂ ਵਿੱਚ ਲੋਅ ਪਸਾਰੇ
ਟਿਮਟਿਮਾਉਂਦਾ ਮੋਹ ਦਾ ਜੁਗਨੂੰ
ਪ੍ਰਕਾਸ਼ ਦਾ ਇਹ ਜਾਪੇ ਬਣਿਆ।
ਇਸਦੀ ਚਾਲ ਵਿੱਚ
ਮਸਤੀ ਵਗਦੇ ਦਰਿਆ ਦੀ
ਰਵਾਨੀ ਹੈ
ਖਹਿ ਖਹਿ ਵਗਦੀਆਂ ਹਵਾਵਾਂ ਦੀ।
ਇਸ ਦੇ ਘੁੰਘਟ ਵਿੱਚ
ਜਲਵਾ ਹੈ ਜਵਾਨੀ ਦਾ
ਖ਼ੂਬਸੂਰਤ ਦੀ ਲਾਲੀ ਵਰਗਾ
ਮਲਾਈਆਂ ਨਾਲ ਪਾਲੀ ਵਰਗਾ।
ਇਸਦੇ ਪੈਰਾਂ ਵਿੱਚ
ਹਯਾ ਦੀ ਜਕੜੀ ਹੋਈ ਜੰਜ਼ੀਰ ਹੈ
ਸੋਚਾਂ ਦੇ ਤਪਦੇ ਆਹਰਨ ਤੇ
ਖੁਰਸ਼ਦ ਲੋਹਾਰ ਦੀ ਬਣੀ ਹੋਈ।
ਇਸਦੇ ਹੋਠਾਂ ਤੇ ਹੈ
ਕਿਸੇ ਖਾਨਾ ਬਦੋਸ਼ ਦਾ
ਗੁੰਮ ਹੋਇਆ ਸਿਰਨਾਵਾਂ
ਬੇ-ਰੰਗਾ ਖ਼ਤ ਡਾਕ ਦੀ ਜੂਨ
ਭੋਗ ਰਿਹਾ ਹੈ ਦਰ-ਬ-ਦਰ।
ਇਹ ਤਾਂ ਉਹ ਕੁੜੀ ਹੈ
ਜ਼ਿਹਨ ਵਿੱਚ ਕਵਿਤਾ ਵਾਂਗ ਸਮੋਈ
ਜੋ ਹਰ ਪਲ਼
ਕਾਗਜ਼ ਦੀਆਂ ਸਤਰਾਂ ਤੇ
ਦੌੜਦੀ ਹਫ਼ਦੀ ਡਿੱਗਦੀ
ਪਰ ਕਦੇ ਵੀ ਬੇ-ਹਰਫ਼ ਨਾ ਹੋਈ।

## ਕਿੱਥੇ ਹੁੰਦੇ ਹਾਂ

ਉਦੋਂ ਆਪਾਂ ਕਿਥੇ ਹੁੰਦੇ ਹਾਂ
ਜਦੋਂ ਹੁੰਦੀ ਨਹੀਂ
ਧਰਤੀ ਪੈਰਾਂ ਥੱਲੇ
ਤੇ ਸਿਰ ਤੇ ਨਹੀਂ ਹੁੰਦਾ ਆਸਮਾਨ
ਸਿਰਫ਼ ਸੁਪਨੇ ਹੀ ਹੁੰਦੇ ਨੇ
ਆਪਣੀ ਹੋਂਦ ਦੇ ਇਰਦ ਗਿਰਦ।
ਉਦੋਂ ਆਪਾਂ ਕਿੱਥੇ ਹੁੰਦੇ ਹਾਂ
ਜਦੋਂ ਕੁਝ ਸਿਰਜਣ ਦਾ
ਕੁਝ ਚਾਹੁਣ ਦਾ
ਕੁਝ ਪਾਉਣ ਦਾ
ਕੁਝ ਗਵਾਉਣ ਦਾ
ਹੁੰਦਾ ਹੈ ਅਹਿਸਾਸ ਧੁਰ ਅੰਦਰ
ਤਾਂ ਚੇਤਿਆਂ ਵਿੱਚ
ਮਹਿਕ ਪੈਂਦੇ ਹਨ
ਤਨਹਾ ਹੋਈ
ਉਦਾਸ ਮੁਹੱਬਤ ਦੇ ਗੀਤ।

ਉਦੋਂ ਆਪਾਂ ਕਿਥੇ ਹੁੰਦੇ ਹਾਂ
ਜਦੋਂ ਭਰਮਾ ਜਾਂਦੇ ਹਾਂ
ਤੂਫ਼ਾਨਾਂ ਵਿੱਚ ਦੀ ਲੰਘਦੇ ਹੋਏ
ਲੋਚਦੇ ਹਾਂ ਤੜਪ ਤੜਪ ਕੇ ਮਰਨਾ
ਇਕ ਦੂਜੇ ਦੇ ਪਰਛਾਵੇਂ ਥੱਲੇ
ਤੇ ਖਾ ਜਾਂਦੇ ਹਾਂ ਭੁਲੇਖਾ
ਹਨ੍ਹੇਰਿਆਂ ਦੀ ਛਾਂ ਓਹਲੇ
ਜੁਗਨੂੰਆਂ ਦੀਆਂ ਡਾਰਾਂ ਦਾ।
ਉਦੋਂ ਆਪਾਂ ਕਿਥੇ ਹੁੰਦੇ ਹਾਂ
ਜਦੋਂ ਕਿਤੇ ਵੀ ਨਹੀਂ ਹੁੰਦੇ
ਸੁਲਗ਼ ਰਹੇ ਰਿਸ਼ਤਿਆਂ ਦੇ ਪਰਛਾਵੇਂ
ਸਾਹਾਂ ਦਾ ਸੇਕ
ਜ਼ੁਲਫ਼ਾਂ ਦੀ ਛਾਂ
ਦਿਲਾਂ ਦੇ ਜਜ਼ਬਾਤ
ਤੇ ਅੱਖਾਂ ਵਿੱਚ ਅਥਰੂ ਵੀ
ਕਿਤੇ ਨਹੀਂ ਹੁੰਦੇ।
ਫਿਰ ਵੀ
ਇਸ ਬੇ-ਖਬਰੀ ਵਿੱਚ
ਲਪੇਟ ਲੈਂਦੇ ਹਾਂ
ਜ਼ਿੰਦਗੀ ਦੀਆਂ ਉਜੜੀਆਂ ਹੋਈਆਂ ਤੰਦਾਂ
ਟਹਿਕਦੀਆਂ ਯਾਦਾਂ ਦੇ ਸਹਾਰੇ
ਤੇ ਜੀਅ ਜਾਂਦੇ ਹਾਂ ਜ਼ਿੰਦਗੀ
ਥਿੜਕੇ ਟੁੱਟੇ ਤੇ ਥੱਕੇ ਹਾਰੇ।

## ਕਦੇ ਕਦੇ

ਕਦੇ ਕਦੇ ਆਪਾਂ
ਕਿਤੇ ਵੀ ਨਹੀਂ ਹੁੰਦੇ
ਨਾ ਘਰ ਨਾ ਬਾਹਰ
ਨਾ ਜੱਗ ਜਾਹਰ
ਨਾ ਥੱਲੇ ਨਾ ਉੱਤੇ
ਨਾ ਜਾਗੇ ਨਾ ਸੁੱਤੇ
ਨਾ ਧਰਤੀ ਨਾ ਆਕਾਸ਼
ਨਾ ਦੂਰ ਨਾ ਆਸ ਪਾਸ
ਨਾ ਦੋਸਤਾਂ ਵਿੱਚ
ਨਾ ਮਹਿਬੂਬਾ ਦੇ ਕੋਲ
ਫਿਰ ਵੀ ਕਿੰਨੇ
ਖੁਸ਼ਗਵਾਰ ਹੁੰਦੇ ਨੇ
ਉਹ ਪਲ ਤੇ ਪਤਨੀ ਦੇ ਬੋਲ
"ਕਿਥੇ ਗੁਆਚੇ ਰਹਿੰਦੇ ਹੋ
ਚਾਹ ਤਾਂ ਪੀ ਲਵੋ
ਠੰਡੀ ਹੋ ਗਈ ਹੋਵੇਗੀ
ਪਤਾ ਨਹੀਂ
ਕੀ ਲੱਭਦੇ ਰਹਿੰਦੇ ਨੇ
ਕਿਤਾਬਾਂ ਵਿੱਚੋਂ ਕਾਗ਼ਜ਼ਾਂ ਵਿੱਚੋਂ
ਐਵੇਂ ਕੈਵੇਂ ਦੀ ਮਗ਼ਜ਼ਮਾਰੀ
ਭੁੱਲ ਜਾਣ ਦੀ ਲੱਗੀ ਬੀਮਾਰੀ।"

ਚਾਹ ਦਾ ਘੁੱਟ ਭਰਦਾ ਹਾਂ
ਚੁੱਪ ਜਿਹੀ ਤੋਂ ਡਰਦਾ ਹਾਂ
ਸ਼ਬਦਾਂ ਦੇ ਵਿੱਚ ਘਿਰਿਆ
ਮਹਿਸੂਸ ਕਰਦਾ ਹਾਂ ਮੈਂ ਆਪ ਆਪ
ਖੇਤਾਂ ਦੀ ਮਹਿਕ ਵਰਗਾ
ਬੜਾ ਕੁਝ ਹੁੰਦਾ ਹੈ ਮੇਰੇ ਕੋਲ
ਪਹਾੜਾਂ ਦੇ ਝਰਨਿਆਂ ਵਾਂਗ
ਫੁੱਟਦਾ ਹੈ ਕੁਝ ਮੇਰੇ ਅੰਦਰ
ਇਕ ਨਦੀ ਤੁਰਦੀ ਹੈ
ਜ਼ਿੰਦਗੀ ਦੇ ਸਫੇ ਤੇ
ਮਹਿਬੂਬਾ ਦੀ ਨਜ਼ਰ ਵਰਗੀ
ਪਿਆਸੀ ਦੀ ਪਿਆਸੀ
ਸਮੁੰਦਰ ਆਪਣੇ ਨੂੰ ਲੱਭਦੀ
ਅਤੇ—
ਇੱਕ ਵੰਗਾਰ ਵੀ ਹੁੰਦੀ ਹੈ
ਪਤਨੀ ਦੇ ਸੁਪਨਿਆਂ ਵਰਗੀ
ਧੀਆਂ ਤੇ ਪੁੱਤਾਂ ਵਰਗਾ
ਇਕ ਅਹਿਸਾਸ ਵੀ ਹੁੰਦਾ ਹੈ
ਜਿਸ ਵਿੱਚੋਂ ਆਉਂਦੀ ਹੈ
ਖੁਸ਼ਬੋ ਆਪਣੀ ਮਿੱਟੀ ਦੀ
ਤੇ ਜੀਣ ਲਈ ਧੜਕਣ
ਸੱਚ ਹੋਏ ਰਿਸ਼ਤੇ ਦੀ।
ਕਦੇ ਕਦੇ ਆਪਾਂ
ਇਧਰ ਉੱਧਰ ਹੁੰਦਿਆਂ
ਕਿਤੇ ਨਹੀਂ ਹੁੰਦੇ!
ਕਿਤੇ ਨਹੀਂ ਹੁੰਦੇ!!

## ਦਿਲ ਦੀ ਦਸਤਕ

ਸੂਖ਼ਮ ਮੇਰੇ ਜਜ਼ਬਾਤਾਂ ਨਾਲ
ਕਰਿਆ ਨਾ ਕਰ ਖੇਲ ਖਿਲਵਾੜ
ਆਏ ਦਿਨ ਆਈ ਰਾਤ
ਐਵੇਂ ਨਹੀਂ
ਨਿੱਕੀ ਨਿੱਕੀ ਗੱਲ ਤੇ ਰੁੱਸ ਜਾਈਦਾ
ਮੂੰਹ ਸਜਾਈ ਦਾ
ਤੇ ਪਾਸਾ ਵੱਟ ਤੁਰ ਜਾਈਦਾ
ਮੂੰਹ ਤੇ
ਘੱਟ ਹੀ ਬਣਿਆ ਕਰ
ਮੂੰਹ ਜ਼ੋਰ ਮੂੰਹ ਪਾੜ
ਬਹੁਤ ਅੱਗੇ ਲੰਘ ਗਿਆ ਹੈ ਜ਼ਮਾਨਾ
ਕੋਹਾਂ ਦੂਰ ਸਾਗ਼ਰਾਂ ਪਾਰ
ਹਵਾ ਇਸ ਚੰਦਰੀ ਨੂੰ ਵੀ
ਲੰਘ ਲੈਣ ਦੇ ਹੋਰ ਅੱਗੇ।
ਵਰਕੇ ਅਤੀਤ ਦੇ ਮਿਹਣੇ ਕੁ ਮਿਹਣੇ
ਫਰੋਲਣ ਦਾ ਹੁਣ ਸਮਾਂ ਨਹੀਂ
ਜੁਗਨੂੰਆਂ ਦੀ ਰੁੱਤ ਵਿੱਚ।
ਲੋੜ ਪੈ ਜਾਂਦੀ ਹੈ
ਦੀਵਿਆਂ ਅਤੇ ਚਿਰਾਗਾਂ ਦੀ
ਹੋਠਾਂ ਤੇ ਆਏ ਹਾਸੇ ਦੀ
ਐਵੇਂ ਨਾ ਉਡਾ ਦਿਆ ਕਰ ਮਖ਼ੌਲ

ਘੂਰੀ ਵੱਟ ਕੇ ਬੁੱਲ੍ਹ ਟੇਰ ਕੇ
ਨਜ਼ਰਾਂ ਨਾਲ ਨਜ਼ਰਾਂ ਫੇਰ ਕੇ
ਪਨਪ ਰਹੀ ਹਉਮੈ ਦਾ
ਸਵੈਮਾਨ ਨਾ ਕਰਿਆ ਕਰ
ਲੋੜ ਤੋਂ ਵੱਧ ਹੱਦੋਂ ਵੱਧ
ਜ਼ਖ਼ਮੀਂ ਹੋਏ ਚਾਵਾਂ ਦਾ
ਨਾਸੂਰ ਨਾ ਬਣਾ ਹਾਲ ਦੀ ਘੜੀ।
ਕੋਇਲ ਦੀ ਅੱਖ ਲਈ
ਰੁੱਤ  ਕੋਈ ਵੀ
ਸਾਜਗਰ ਹੋ ਸਕਦੀ ਹੈ
ਲੰਡੇ ਮੋਰ ਦੀ ਜ਼ਖ਼ਮੀਂ ਪੈਲ
ਵੀਰਾਨ ਮਨਾਂ ਦੇ ਟਿੱਬੇ
ਮਨਚਾਹੀ ਝੂਮਰ ਪਾ ਸਕਦੀ ਹੈ
ਸੁਪਨਿਆਂ ਦਾ ਦਰਦ ਲੈ ਕੇ
ਕੀ ਲੈਣਾ ਹੈ ਆਪਾਂ
ਬੇਵੱਸ ਹੋ ਕੇ ਬਰਬਾਦ ਹੋ ਕੇ
ਆ ਜ਼ਿੰਦਗੀ ਨੂੰ ਜਾਨਣ
ਤੇ ਮਾਨਣ ਦਾ ਯਤਨ ਕਰੀਏ
ਇਸਦੇ ਵਿੱਚ ਖੁਸ਼ੀਆਂ ਭਰੀਏ
ਅਤੇ ਸਿਰਜੀਏ ਕੁਝ ਨਵਾਂ

ਖ਼ਾਮੋਸ਼ ਅੱਖਾਂ ਵਿੱਚ
ਖਿੜੇ ਫੁੱਲਾਂ ਦੇ ਆਦਰਸ਼ ਵਰਗਾ
ਨਿਰਮਲ ਨਦੀ ਤੇ ਸਮੁੰਦਰ ਵਰਗਾ।
ਚੁਰਾਈ ਨੀਂਦ ਦਾ ਸਕੂਨ
ਕਦੇ ਵਾਪਿਸ ਨਹੀਂ
ਪਰਤ ਸਕਦਾ ਸਾਬਤ ਦਾ ਸਾਬਤ
ਇਹ ਹਿਨੋਰਾ
ਜਾਂ ਦਿਲ ਦੀ ਦਸਤਕ
ਅਸੀਮ ਚੁੱਪ ਵਿੱਚ ਵੱਟ ਕੇ
ਕਹਿ ਰਹੇ ਨੇ ਮੈਨੂੰ
ਕਿ ਮੈਂ ਸਿਰਫ਼ ਤੇਰਾ ਹੀ
ਕਿਉਂ ਨਹੀਂ ਰਿਹਾ ਸਾਰੀ ਉਮਰ।
ਜ਼ਖ਼ਮੀਂ ਅਹਿਸਾਸ ਨੂੰ ਸੀਨੇ ਲਾ ਕੇ
ਤੇ ਧੁੱਪ ਦੀ ਬੇਚੈਨੀ ਨੂੰ
ਮੁਸਕਰਾਹਟ ਵਿੱਚ ਛੁਪਾ ਕੇ
ਕਿੰਨਾ ਚੰਗਾ ਲਗਦਾ ਹੈ
ਇਸ ਤਰ੍ਹਾਂ ਹੀ ਜੀਅ ਜਾਣਾ
ਤੇਰਾ ਖ਼ਾਬਾਂ 'ਚ ਆਉਣਾ
ਰੂਹ ਨੂੰ ਭਰਮਾਉਣਾ
ਤੇ ਮੇਰੀ ਨੀਂਦ ਦਾ ਚੁਰਾਉਣਾ।

## ਉਡੀਕ ਰੱਖੀਂ

ਕਿੰਨਾ ਵੱਡਾ ਹੈ ਆਕਾਰ
ਤੇਰੇ ਮਨ 'ਚ ਵੱਸੇ ਇਕਲਾਪੇ ਦੇ ਬੋਝ ਦਾ
ਕਿੰਨੀਆਂ ਤਰਬਾਂ ਹਨ
ਦੂਰ ਦੂਰ ਤੱਕ ਫੈਲੀਆਂ ਹੋਈਆਂ
ਤੇਰੇ ਆਪਣੇ ਹੀ ਜ਼ਿਹਨ ਅੰਦਰ
ਪਰਤ ਦਰ ਪਰਤ
ਪਸਾਰਾ ਹੈ ਸੋਚਾਂ ਅੰਦਰ
ਜਰਬਾਂ ਤੇ ਤਕਸੀਮਾਂ ਦਾ
ਜੰਮ ਘਟਾ ਹੈ ਚੁਫ਼ੇਰੇ ਧੁੰਦਲਾ ਜਿਹਾ
ਤਿੜਕੇ ਹੋਏ ਖ਼ਾਬਾਂ ਦਾ
ਸੁਭਾਵਿਕ ਜਿਹੀ
ਬਰੈਕਟ ਦੀ ਭੂਮਿਕਾ ਨਿਭਾਉਂਦੀ
ਤੂੰ ਤੂੰ ਵਿੱਚ ਮਨਫ਼ੀ ਹੋ ਗਈ
ਮੈਂ ਨਾਲ ਤਕਸੀਮ ਤੇ ਗੁਣਾ
ਹਾਸਿਲ ਆਇਆ ਸਿਰਫ਼ ਸਿਫ਼ਰ
ਤੇਰੇ ਮੇਰੇ ਆਕਾਰ ਜਿਡਾ
ਜਿਹਦੇ ਇਰਦ ਗਿਰਦ
ਦੋ ਦਿਲਾਂ ਦੀ ਦੂਰੀ ਪਰਿਕਰਮਾ ਕਰਦੀ

ਸਿਰਜਦੀ ਹੈ ਨਿਗੂਣੇ ਜਿਹੇ ਅਰਥ
ਤਪਦੇ ਥਲਾਂ ਵਿੱਚ ਸਮੁੰਦਰ ਵਰਗੇ
ਦੂਰ ਕਿਧਰੋਂ ਆ ਰਹੀ ਹੈ ਮਹਿਕ
ਭੁਲ ਗਈਆਂ ਯਾਦਾਂ ਦੀ
ਨਸ਼ਿਆ ਗਈ ਹੈ
ਅੰਤਰ ਮਨ ਦਾ ਬੁਝਿਆ ਵਿਹੜਾ।
ਮੈਂ ਵੇਖਦਾ ਹਾਂ
ਆਪਣੇ ਅੰਦਰ ਫੈਲਿਆ ਖਲਾਅ
ਤਾਂ ਬਦਲ ਜਾਂਦੇ ਹਨ
ਉਦਾਸ ਚਿਹਰੇ ਤੇ
ਆਏ ਹੋਏ ਹਾਵ ਭਾਵ
ਹੁਣ ਮੈਂ ਡੁੱਬ ਰਿਹਾ ਹਾਂ
ਆਪਣੇ ਹੀ
ਸੂਖ਼ਮ ਜਿਹੇ ਅਨੁਭਵ ਅੰਦਰ
ਤੇ ਪੁੱਛਦਾ ਹਾਂ
ਉਦਾਸ ਚੁੱਪ ਤੋਂ
ਗਿਰ ਰਹੇ ਪੱਤਿਆਂ ਦਾ ਦਰਦ
ਪੱਤਝੜ ਤਾਂ
ਪਵਿੱਤਰ ਆਤਮਾ ਹੈ ਬਹਾਰ ਦੀ
ਨਵਿਆਂ ਨੂੰ ਬਖ਼ਸ਼ਦੀ ਹੈ ਥਾਂ
ਇਸ ਤਰ੍ਹਾਂ ਹੀ
ਮੈਂ ਵੀ ਪਰਤ ਆਵਾਂਗਾ
ਤੇਰੇ ਜੀਊਣ ਦੇ ਦਿਸਹੱਦੇ
ਆਪਣੀ ਖੁਸ਼ੀ ਦਾ ਮੌਸਮ ਲੈ ਕੇ
ਉਡੀਕ ਰੱਖੀਂ ਉਡੀਕ ਰੱਖੀਂ।

## ਤਲਾਸ਼

ਮਾਂ ਦੀ ਕੁੱਖ਼ ਤੋਂ ਲੈ ਕੇ
ਮੜ੍ਹੀਆਂ ਤੱਕ
ਫੈਲੀ ਹੋਈ ਹੈ ਇਹ ਜ਼ਿੰਦਗੀ
ਕਿੰਨਾ ਵੱਡਾ ਸਫ਼ਰ ਹੈ ਇਹ
ਆਪਣੇ ਆਪ ਵਿੱਚ ਸਮੇਂ ਦਾ ਚੱਕਰ
ਘੜੀਆਂ ਦਾ ਪਲਾਂ ਦਾ ਸਾਲਾਂ ਦਾ
ਚਿੰਤਾ ਵਿੱਚ ਚਿਖਾ ਹੈ ਸੜਦੀ
ਲਟ ਲਟ ਬਲਦੀ
ਮੋਮ ਵਾਂਗ ਪਿਘਲ ਪਿਘਲ ਕੇ
ਕੁਝ ਪਲਾਂ ਵਿੱਚ ਹੀ
ਖਾਕ ਦਰ ਖਾਕ ਹੋ ਜਾਂਦੀ।
ਲਟ ਲਟ ਬਲਦੀ ਅੱਗ ਦੇ ਨਾਲ
ਅਸੀਂ ਵੀ ਸੇਕਦੇ ਰਹੇ
ਅੱਖਾਂ ਵਿੱਚ ਠਰ ਰਹੇ ਸੁਪਨੇ
ਪਿਘਲਦੀ ਮੋਮ ਵਿੱਚ ਪਿਘਲਦੇ ਰਹੇ
ਜ਼ਿਹਨ ਵਿੱਚ ਪੱਥਰ ਹੋਏ ਫ਼ਿਕਰ
ਕੁਝ ਖ਼ਿਆਲਾਂ ਦੇ ਬੂਟੇ ਪੁੰਗਰ ਆਏ
ਮੋਹ ਭਰੀ ਕਿਣਮਿਣ ਤੋਂ ਬਾਅਦ
ਤੇ ਜ਼ਿੰਦਗੀ ਬਣ ਗਈ ਸਹਾਰਾ
ਪਾਪ ਪੁੰਨ ਤੋਂ ਡਰਦੇ ਲੋਕਾਂ ਲਈ
ਜੋ ਅਕਸਰ ਨਹੀਂ ਹੁੰਦੇ
ਆਪਣੇ ਹੀ ਆਸ ਪਾਸ ਜਾਂ ਦੂਰ ਦੁਰਾਡੇ
ਫਿਰ ਵੀ ਮਹਿਕ ਵਫ਼ਾ ਦੇ ਕਰਦੇ ਵਾਅਦੇ।
ਸਫ਼ਰ ਸ਼ੁਰੂ ਹੁੰਦਾ ਹੈ ਇਕ ਹੋਰ
ਜਿਸਮ ਤੋਂ ਰੂਹ ਤੱਕ
ਮਮਤਾ ਤੋਂ ਮੁਕਤੀ ਤੱਕ

ਕਰਜ਼ ਤੋਂ ਉਗਰਾਹੀ ਤੱਕ
ਨਿਰਵਾਣ ਤੋਂ ਬਨਵਾਸ ਤੱਕ
ਰੂਹ ਨੂੰ ਮਣਸ ਕੇ ਫ਼ਰਜ਼ਾਂ ਦੀ ਗਊ ਅੱਗੇ
ਤੁਰ ਪੈਣਾ ਤੇ ਤੁਰੇ ਜਾਣਾ
ਅਤੇ ਆਪਣੀ ਹੀ ਪਰਿਕਰਮਾ ਕਰਦੇ
ਬ੍ਰਹਿਮੰਡ ਵਿੱਚ ਭਟਕਦੇ ਰਹਿਣਾ
ਆਪਣੀ ਹੀ ਚਾਲੇ ਤੁਰਦੇ ਜਾਣਾ
ਅਣਚਾਹੀ ਕਿਸੇ ਚਾਹਤ ਦੇ ਵਾਂਗ
ਕਿੰਨੀ ਭਿਆਨਕ ਹੈ
ਆਉਣ ਤੇ ਜਾਣ ਦੇ ਸਫ਼ਰ ਦੀ ਤਲਾਸ਼
ਮਾਂ ਦੀ ਕੁੱਖ਼ ਤੋਂ ਲੈ ਕੇ
ਮੜੀਆਂ ਤੱਕ
ਬੜਾ ਕੁਝ ਧੜਕਦਾ ਹੋਵੇਗਾ
ਜੀਵਨ ਬੂੰਦ ਗਰਭ ਦੀ ਧੜਕਣ
ਧੰਨ ਹੋਏ ਤਨ ਤੇ ਮਨ
ਜਨਮ ਪੀੜਾਂ ਤੇ ਜਣੇਪਾ ਲੇਰਾਂ
ਸੀਨੇ ਅੰਦਰ ਦੁੱਧ ਦੀਆਂ ਲਹਿਰਾਂ
ਮੱਥੇ ਟਿਕਾ ਤੇੜ ਤੜਾਗੀ
ਸੁੱਤੀ ਕਿਸਮਤ ਫਿਰ ਤੋਂ ਜਾਗੀ
ਮਾਂ ਦੀ ਮਮਤਾ ਲਾਡ ਪਿਓ ਦਾ
ਲੋਰੀਆਂ ਹੁੰਗਾਰੇ ਅਤੇ ਬਾਤਾਂ
ਮਾਂ ਦੇ ਸੀਨੇ ਗੁਜ਼ਾਰੀਆਂ ਰਾਤਾਂ
ਮੰਜੀ ਪਏ ਉਖੜੇ ਸਾਹ
ਪੈੜਾਂ ਲੱਭਦੇ ਬਿਖੜੇ ਰਾਹ।
ਇਹ ਤਾਂ ਹੈ
ਮੋਹ ਨਾਲ ਭਰਿਆ ਗੱਚ
ਜੀਵਨ ਇਕ ਅਨੋਖਾ ਸੱਚ
ਅੱਥਰੂ ਅਤੇ ਹਾਉਕੇ ਦੀ ਗਾਥਾ
ਜਾਂ ਫਿਰ
ਜਿਊਂਦੇ ਹੋਣ ਦੀ ਹੋਰ ਅਭਿਲਾਸ਼ਾ।

## ਸਾਹਾਂ ਦੇ ਕਰੀਬ

ਮੈਂ ਲਿਖਦਾ ਹਾਂ ਕਵਿਤਾ
ਕਮਰੇ ਅੰਦਰ ਬਹਿ ਕੇ
ਸਹਿਜ ਸਹਿਜ ਆਉਂਦੇ ਨੇ ਅੱਖਰ
ਮਾਲਕ ਆਪਣੇ ਆਪ ਦੇ
ਬ੍ਰਹਿਮੰਡ ਜਿਹਨਾਂ ਦਾ
ਅਕਾਸ਼ ਨਾਲੋਂ ਕਿਤੇ ਵੱਡਾ
ਸੁਪਨੇ ਪ੍ਰੇਮ ਦੇ ਲੈ ਕੇ
ਉਹ ਉੱਡੀ ਜਾਂਦੇ ਚਿੜੀਆਂ ਵਾਂਗ
ਵਿਚ ਸੋਚਾਂ ਦੇ ਉਲਝਦੇ
ਆਲ੍ਹਣਾ ਪਾਉਂਦੇ ਗੀਤ ਗਾਉਂਦੇ
ਖੰਭ ਖਿਲਾਰਦੇ
ਆਪਣੇ ਆਪ ਨੂੰ ਦੁਲਾਰਦੇ
ਆਪਣੇ ਉਤੋਂ ਆਪ ਵਾਰਦੇ
ਫਿਰ ਲੱਭਦੇ ਨੇ ਉਹ
ਗੁਆਚੀ ਰੋਟੀ 'ਚ ਆਪਣੀ ਚੇਤਨਾ
ਜੋ ਉਮਰਾਂ ਦੇ ਸਮੁੰਦਰ ਜਾ ਡਿੱਗੀ।
ਮੈਂ ਮਨ ਦੇ ਕਾਗਜ਼ ਉੱਤੇ
ਅੱਖਰਾਂ 'ਚੋਂ ਚਿਹਰਾ ਭਾਲਦਾ

ਪੱਥਰ ਹੋ ਗਿਆ ਹਾਂ ਅਜ਼ਲਾਂ ਤੋਂ
ਰਿਸ਼ਤਿਆਂ ਦੀ ਪਿਆਸ
ਮਹਿਕਾਂ ਦਾ ਨਸੀਬ ਬਣ ਕੇ
ਖਾਬਾਂ ਦੀ ਨਦੀ ਜਾ ਡੁੱਬੀ।
ਫੈਲ ਜਾਂਦਾ ਹਾਂ ਬੇਵੱਸ ਹੋਇਆ
ਸਫ਼ਰ ਦੇ ਵਾਂਗ ਚੁੱਪ ਦੇ ਜੰਗਲ
ਤਾਂ ਚੁੱਪ ਮੇਰੀ
ਤੇਰੀ ਚੁੱਪ ਵਿੱਚ ਵੱਟ ਕੇ
ਬਣ ਜਾਂਦੀ ਹੈ ਇਕ ਕਵਿਤਾ
ਹਸਰਤ ਦੀ ਸਹਿਕ ਵਰਗੀ
ਜਿਸਮਾਂ ਦੀ ਮਹਿਕ ਵਰਗੀ
ਸਹਿਮ ਜਾਂਦਾ ਹਾਂ ਵੇਖ ਕੇ ਅਚਾਨਕ
ਖੁਲ੍ਹੀ ਖਿੜਕੀ ਤੋਂ ਪਾਰ ਦੇ ਰਿਸ਼ਤੇ
ਰਿਸ਼ਤੇ
ਜਿਹਨਾਂ ਦੇ ਅਰਥ ਨੇ ਹੁੰਦੇ
ਰੁੱਖ ਮਨੁੱਖ ਤੇ ਭੁੱਖ ਵਰਗੇ
ਕਈ ਰਿਸ਼ਤੇ
ਹੁੰਦੇ ਨੇ ਸੁਪਨਿਆਂ ਵਰਗੇ
ਜਿਹਨਾਂ ਦੇ ਅਰਥ ਵੀ
ਮਹਿਜ ਸੁਪਨੇ ਹੀ ਹੁੰਦੇ
ਮੈਂ ਵੀ ਚਾਹੁੰਦਾ ਹਾਂ
ਤੇਰੇ ਸਾਹਾਂ ਦੇ ਕਰੀਬ
ਮੇਰਾ ਵੀ ਕੋਈ ਰਿਸ਼ਤਾ ਹੁੰਦਾ
ਕਵਿਤਾ ਦੀ ਕੁੱਖ ਵਰਗਾ
ਜਾਂ ਨਜ਼ਰਾਂ ਦੀ ਭੁੱਖ ਵਰਗਾ।

## ਆਪੋ ਆਪਣੀ ਸੀਮਾ

ਜੀ ਕਰਦਾ ਹੈ ਕਿ
ਮੈਂ ਵੀ ਨਿਕਲ ਤੁਰਾਂ
ਨਿਰਵਾਣ ਜਿਹੇ ਸਫ਼ਰ ਦੇ ਉੱਤੇ
ਜਿਥੇ ਕੁਝ ਨਾ ਹੋਵੇ
ਦਰਦ ਜਿਹਾ ਸੂਲੀ ਟੰਗਿਆ
ਸਾਡੇ ਸਾਹਾਂ ਦੀ ਇੰਤਜ਼ਾਰ ਕਰਦਾ।
ਬਣਕੇ ਗੂੰਜ ਕਿਸੇ ਹੇਕ ਦੀ
ਬਿਖਰ ਜਾਵਾਂ ਆਪਣੀ ਸੀਮਾ ਅੰਦਰ
ਜਾਂ ਤੜਪਦੀ ਰੇਤ ਉੱਤੇ
ਉੱਗੇ ਆਵਾਂ
ਸੁਪਨਿਆਂ ਦਾ ਸੰਘਣਾ ਜੰਗਲ ਬਣਕੇ।
ਲਾਚਾਰ ਜਿਹੇ ਅਹਿਸਾਸਾਂ ਨੂੰ
ਮਧੋਲ ਕੇ ਪੈਰਾਂ ਥੱਲੇ
ਮੋਹ ਮਾਇਆ ਦੇ ਰੰਗਾਂ ਸਮੇਤ
ਰੋੜ੍ਹ ਆਵਾਂ
ਤਿਆਗਦੇ ਵਗਦੇ ਪਾਣੀਆਂ ਅੰਦਰ
ਝੂਠੀ ਮੂਠੀ ਦੇ ਅਡੰਬਰ

ਫਿਰ ਮੈਂ ਨਿੱਤ ਰਚਾਵਾਂ
ਪਾਕਿ ਕਿਸੇ ਦਿਲ ਦੇ ਅੰਦਰ
ਖ਼ਾਹਿਸ਼ ਭਰੀ ਉਡਾਰੀ ਲਾਵਾਂ
ਗੂੰਗੀ ਗੂੰਗੀ ਤਪੱਸਿਆ ਕਰਦਾ
ਆਪਣੀ ਉਪਮਾ ਮੈਂ ਆਪੇ ਗਾਵਾਂ
ਕਿਣਕਾਂ ਕਿਣਕਾਂ ਆਪਣੀ ਮਿੱਟੀ
ਝੂਮ ਝੂਮ ਕੇ ਵਜੂਜ ਪਕਾਵਾਂ
ਅਤੇ ਫਿਰ ਵਿਸ਼ਮਾਦ ਹੋ ਕੇ
ਚੁੱਪ ਚੁਪੀਤਾ ਜੀਅ ਪਰਚਾਵਾਂ।
ਭੂਰੀਆਂ ਅੱਖਾਂ ਦੇ ਮਸਤ ਇਸ਼ਾਰੇ
ਦਿਨ ਰਾਤ ਨੇ ਚੁੰਗੀਆਂ ਭਰਦੇ
ਆਪਣੇ ਹੀ ਖਲਾਅ ਅੰਦਰ
ਆਪਣੇ ਆਪ ਨਾ ਛਲ ਕਰਦੇ
ਦਿਸਹੱਦਿਆਂ ਦੇ ਉਸ ਪਾਰ
ਸੁਪਨਿਆਂ ਦੇ ਪੁਲ ਬਣਨ ਲਈ
ਤੇਜ਼ ਵਹਿਣਾਂ ਦਾ ਇੰਤਜ਼ਾਰ ਕਰਦੇ
ਪਤਾ ਨਹੀਂ
ਕੀ ਤੋਂ ਕੀ ਬਣ ਗਏ
ਯਤੀਮ ਹੋਈਆਂ ਸੋਚਾਂ ਦੇ
ਮੇਰੇ ਚੁਫ਼ੇਰੇ ਖੰਜ਼ਰ ਤਣ ਗਏ
ਜਿਊਂਦੇ ਜੀ ਜਿਵੇਂ ਮੁੱਕ ਗਏ
ਖਾਰੇ ਸਾਗ਼ਰ ਨੈਣੀਂ ਸੁੱਕ ਗਏ

ਪਰ ਮੈਂ
ਤਨ ਮਨ ਤੱਕ ਸੁੱਕ ਵੀ
ਪਿੰਜਰ ਨਾ ਹੋ ਸਕਿਆ
ਕਿਸੇ ਬੂਟੇ ਕਾਈ ਦੇ ਲਗਾ
ਯਾਦਾਂ ਦਿਆਂ ਵਹਿਣਾਂ ਵਿੱਚ
ਰੁੜਨੋਂ ਤਾਂ ਬਚ ਗਿਆ
ਪਰ ਬਚ ਨਾ ਹੋਇਆ ਮੈਥੋਂ
ਇਸ ਘਟਨਾ ਤੋਂ
ਜੋ ਬਣਕੇ ਦੁਰਘਟਨਾ
ਜ਼ਿਹਨ ਮੇਰੇ ਅੰਦਰ ਉਤਰ ਗਈ
ਅਤੇ ਵਿੰਨ ਗਈ ਮੇਰਾ ਸੀਨਾ
ਜਿਵੇਂ ਮੈਂ ਪੀਤਾ ਹੋਵੇ
ਵਰਜਿਤ ਤਲਾਅ 'ਚੋਂ ਦੋ ਘੁੱਟ ਪਾਣੀ
ਮੈਂ ਤਾਂ ਪੂਰੇ ਦਾ ਪੂਰਾ
ਅਜੇ ਵੀ ਪਿਆਸਾ ਹਾਂ ਸੱਚ ਜਾਣੀ।
ਹੁਣ ਫਿਰ ਮੈਂ ਨਿਕਲ ਤੁਰਾਂਗਾ
ਧੁਰ ਦੀ ਯਾਤਰਾ ਅਗਲੇ ਪੜਾਅ
ਤੇ ਮੇਰੇ ਇਰਦ ਗਿਰਦ ਹੋਵੇਗਾ
ਮੇਰਾ ਆਪਣਾ ਹੀ ਖਲਾਅ
ਧੁਖਣਾ ਤਾਂ ਸੋਚਾਂ ਨੇ
ਛਲਣੀ ਹੋਣਾ ਪੈਰਾਂ ਨੇ
ਸਫ਼ਰ ਨੂੰ ਕੀ.....?
ਯਾਤਰਾ ਨੂੰ ਕੀ....??

## ਪਤਾ ਨਹੀਂ

ਪਤਾ ਨਹੀਂ
ਉਹ ਕਿਹੜੀ ਪ੍ਰਿਥਵੀ ਦੇ ਲੋਕ ਹਨ
ਜੋ ਉਤਰ ਨਹੀਂ ਸਕੇ ਅੱਜ ਤੱਕ
ਬੀਆਬਾਨ ਦਿਨਾਂ ਦੀ ਧਰਤੀ
ਮਨ ਦੀ ਧਰਤੀ ਰੂਹ ਦੀ ਧਰਤੀ
ਵੱਖਰੀ ਵੱਖਰੀ ਨਿਆਰੀ ਨਿਆਰੀ
ਹੁੰਦੀ ਹੈ ਕਿੰਨੀ ਪਿਆਰੀ
ਆਪਣੀ ਹੀ ਔਲਾਦ ਵਰਗੀ।
ਗੋਦ ਵਿੱਚ ਲੈ ਕੇ ਇਕ ਸੁਪਨੇ ਨੂੰ
ਕਿੰਨਾ ਮਾਣ ਕਰਦੀ ਹੈ
ਹਰੀ ਭਰੀ ਕੁੱਖ ਦੇ ਉੱਤੇ
ਜੋ ਹਮੇਸ਼ਾ ਉਪਜਦੀ ਹੈ
ਇਕ ਹੋਰ ਕੁੱਖ ਇਕ ਹੋਰ ਸੁਪਨਾ
ਨਸਲ ਆਪਣੀ ਦਾ ਮਾਦਾ
ਅਤੇ ਇਸ ਤਰ੍ਹਾਂ ਹੀ
ਚਲਦੀ ਰਹਿੰਦੀ ਹੈ

ਸਦਾਚਾਰ ਦੀ ਇਹ ਮਰਿਯਾਦਾ।
ਇਹ ਹੀ ਤਾਂ ਹੈ
ਉਮਾਹ ਭਰਿਆ
ਕੁਝ ਪਿਛਲਾ ਪਿਛਲੇ ਅੱਜ ਦਾ
ਕੁਝ ਅਗਲਾ ਅਗਲੀ ਭਲਕ ਦਾ
ਭਵਜਲ ਆਪਣੀ ਹੋਣੀ ਦਾ
ਬੂੰਦ ਬੂੰਦ ਇਸਦਾ ਕਣ ਕਣ ਚੀਰਦਾ
ਬਣ ਜਾਂਦਾ ਹੈ ਪ੍ਰਤੀਕ
ਹਿਰਸੀ ਹੋਈ ਜ਼ਿੰਦਗੀ ਦਾ।
ਹੁਣ ਸ਼ਾਇਦ
ਥੋੜ੍ਹੀ ਹੀ ਵਿੱਥ ਤੇ
ਪੱਤਝੜ ਦੇ ਮੌਸਮ ਵਿੱਚ
ਰੁੱਖਾਂ ਵਰਗੇ ਲੋਕ
ਭਾਲ ਰਹੇ ਹੋਣ
ਤੀਲਾ ਤੀਲਾ ਹੋਏ
ਸੁਪਨਿਆਂ ਦੇ ਪਰਛਾਵੇਂ
ਅਤੇ ਪੈਰਾਂ ਦੇ ਨਿਸ਼ਾਨ
ਜੋ ਮਿਟਦੇ ਮਿਟਦੇ ਮਿਟ ਗਏ
ਕਿਸੇ ਆਪਣੇ ਦਾ ਇਤਬਾਰ ਕਰਦੇ
ਤੇ ਆਉਣ ਦਾ ਇੰਤਜ਼ਾਰ ਕਰਦ।

## ਸੁਪਨੇ ਵਰਗਾ ਅਜੀਜ਼

ਮੈਂ ਤੇਰੇ ਹੱਥ ਦੀ
ਟੁੱਟੀ ਵੰਗ ਦੀ ਟਣਕਾਰ ਹਾਂ
ਜਿਸਦੇ ਟੁੱਕੜੇ
ਕਿਸੇ ਹੁਸੀਨ ਗ਼ਜ਼ਲ ਦੇ
ਪਿਆਰੇ ਪਿਆਰੇ ਸ਼ਿਅਰ ਲੱਗਦੇ ਹਨ
ਅਤੇ ਇਹ
ਜਲ ਤਰੰਗ ਜਿਹਾ ਰਾਗ ਜਾਪਦਾ
ਜੋਬਨ ਹੋਈਆਂ ਪੌਣਾਂ ਨੂੰ।
ਤੂੰ ਸੰਭਾਲ ਰੱਖਿਆ ਹੈ
ਇਹਨਾਂ ਦੇ ਨਾਲ ਯਾਦਾਂ ਦਾ
ਬੇਲੋੜਾ ਜਿਹਾ ਨਿਕੜ ਸੁੱਕੜ
ਬੇਰੰਗ ਹੋਈ ਚੁੰਨੀ ਦੇ ਪੱਲੇ।
ਜਦ ਵੀ ਕੋਈ ਸੁਪਨਾ
ਦਿਲਾਂ ਦੀ ਧਰਤੀ ਖਿੜਦਾ
ਤਾਂ ਤੂੰ
ਧਰ ਲੈਂਦੀ ਏਂ ਪੱਥਰ
ਅਥਰੇ ਜਿਹੇ ਮਨ ਦੇ ਉੱਤੇ
ਤੇ ਰਗਾਂ ਵਿੱਚ ਫਿਰ
ਸੁੰਘੜ ਜਾਂਦੀ ਏਂ ਸਾਹਾਂ ਦੀ ਉਮਰ।
ਮੈਂ ਤੇਰੇ ਪੈਰਾਂ ਦਾ ਘੁੰਘਰੂ
ਸੁਣਦਾ ਹਾਂ ਨਿੱਤ
ਤੇਰੇ ਪੈਰਾਂ ਦਾ ਨ੍ਰਿਤ
ਪਾਪ ਪੁੰਨ ਦੀ ਕਮਾਈ

ਆਪਾਂ ਨੂੰ ਵੀ ਰਾਸ ਨਾ ਆਈ।
ਪੈਰਾਂ ਨੂੰ ਨ੍ਰਿਤ
ਅਤੇ ਘੁੰਘਰੂ ਨੂੰ ਛਣਕਣ ਦਾ
ਮਜ਼ਬੂਰੀ ਵਸ ਮਿਲਿਆ ਹੈ
ਤਰਲ ਤਰਲ ਹੋਏ ਚੇਤਿਆਂ ਦਾ ਸੰਤਾਪ।
ਹੁਣ ਜਦੋਂ
ਹੋਸ਼ ਗੁਆਚੀ ਪਰਤ ਆਈ
ਤਾਂ ਇੰਜ ਲੱਗਦਾ ਹੈ
ਜਿਵੇਂ ਤੇਰੀਆਂ ਅੱਖਾਂ 'ਚ
ਪੈ ਗਈ ਹੋਵੇ ਗੂੜੀ ਰਾਤ
ਹਸਰਤ ਹੈ ਮੇਰੀ
ਤੇਰੀ ਦੀਵਾਨਗੀ ਲਈ ਬਣਾਂ ਵੰਗਾਰ
ਤੇ ਤੇਰੀਆਂ ਅੱਖਾਂ ਲਈ
ਟਿਮ ਟਿਮਾਉਂਦਾ ਇਕ ਚਿਰਾਗ਼।
ਕਿਥੋਂ ਆ ਗਏ ਨੇ ਤਾਰੇ
ਤੇਰੇ ਉਜੜੇ ਹੋਏ ਨੈਣਾਂ ਵਿੱਚ
ਪੈੜਾਂ ਟੋਂਹਦੇ ਆਰਤੀ ਉਤਾਰਦੇ
ਤੇਰੀ ਨਜ਼ਰ
ਸਵੱਲੀ ਦੀ ਨੁਹਾਰ ਸੁਆਰਦੇ
ਮਨਮੋਹਣੇ ਭਾਵਾਂ ਦੀ ਮਹਿਕ ਖਿਲਾਰਦੇ।
ਉਂਞ ਤਾਂ ਮੈਂ ਅਜੇ ਵੀ
ਟੁਣਕ ਰਿਹਾ ਹਾਂ ਛਣਕ ਰਿਹਾ ਹਾਂ
ਹਾਉਕੇ ਦੀ ਜੂਨ ਵਾਂਗ
ਆਪਣੇ ਹੀ ਅੰਦਰ ਗਰਕ ਰਿਹਾ ਹਾਂ
ਫਿਰ ਵੀ
ਟੁੱਟੀ ਵੰਗ ਦੀ ਰੀਝ ਹਾਂ ਮੈਂ
ਅਤੇ ਮੋਹ ਭਰੇ ਦਿਲ ਵਾਸਤੇ
ਸੁਪਨੇ ਵਰਗਾ ਅਜੀਜ਼ ਹਾਂ ਮੈ।

## ਇਕ ਮੌਸਮ ਮੇਰਾ ਵੀ

ਹਰ ਮੌਸਮ ਸਾਡੇ ਹੱਥਾਂ ਵਿੱਚੋਂ
ਤਿਲਕ ਤਿਲਕ ਜਾਂਦਾ ਰਿਹਾ
ਅਤੇ ਕਿਣਕਾ ਕਿਣਕਾ ਹੋਏ ਪਲ
ਕਿਰਦੇ ਰਹੇ ਆਪਣੇ ਹੀ ਜ਼ਿਹਨ ਵਿੱਚੋਂ
ਤੇਰੀ ਹੋਂਦ ਤੋਂ ਬਗੈਰ
ਫੈਲ ਗਏ ਹਨ੍ਹੇਰੇ ਚਾਰ ਚੁਫ਼ੇਰੇ
ਸੂਰਜਾਂ ਤੋਂ ਲੈ ਕੇ ਅੰਬਰਾਂ ਤੱਕ
ਚੁਰਾਏ ਗਏ
ਤਾਰਿਆਂ ਦੇ ਸ਼ੋਖ਼ ਰੰਗ
ਨਦੀ ਬਣ ਕੇ
ਵਹਿ ਤੁਰੇ ਆਪਣੇ ਆਪ
ਪਹਾੜਾਂ ਦਾ ਕੱਦ ਛੋਟਾ ਹੋ ਗਿਆ
ਦੋਸਤੀ ਦਾ ਸਾਗ਼ਰ ਹੋਰ ਵੀ ਡੂੰਘਾ।
ਤੇਰੀ ਵਫ਼ਾ ਦੇ ਵਾਸਤੇ
ਮੈਂ ਕਿਨਾਰਾ ਬਣਦਾ ਬਣਦਾ
ਬਣ ਗਿਆ ਹਾਂ
ਇਕ ਯਤੀਮ ਜਿਹਾ ਟਾਪੂ
ਜਿਥੇ ਮੁਹੱਬਤ ਦਾ ਸੂਰਜ ਕਦੇ ਨਹੀਂ ਡੁੱਬਦਾ।
ਅੱਖਾਂ 'ਚ ਚਾਹਤ ਦੀ ਬਰਫ਼
ਸਦਾ ਹੀ ਪਿਘਲਦੀ ਰਹੀ
ਅਤੇ ਸਵੈ ਦੀ ਭਾਲ ਵਿਚ
ਤੁਰਦੀ ਰਹੀ
ਆਪਣੇ ਤੇ ਬੇਗਾਨੇ ਖੌਲਦੇ ਪਾਣੀ।

ਸੁਰਮਈ ਸੁਪਨੇ
ਕਤਲ ਹੋ ਜਾਂਦੇ ਨੇ ਅਕਸਰ
ਅੱਖ ਲੱਗਣ ਤੋਂ ਕਿਤੇ ਪਹਿਲਾਂ।
ਹੋਸ਼ਦਿਆਂ ਪੈਰਾਂ ਨੂੰ
ਆ ਚੰਬੜਦਾ ਹੈ
ਗੁਰਬੱਤ ਵਿੱਚ ਡੁੱਬਾ ਸੋਚਾਂ ਦਾ ਨਸੀਬ।
ਬੁੱਲ੍ਹਾਂ ਨੂੰ ਪਿਆਸ ਦੀ
ਜਗਿਆਸਾ ਨਹੀਂ ਹੋਈ ਕਦੇ
ਫਿਰ ਵੀ ਫਰਕਦੇ ਰਹੇ
ਮਹਿਕਦੀ ਹਵਾ ਦੇ ਘੁੱਟ ਭਰਦੇ।
ਰਿਸ਼ਤਿਆਂ ਦੀ ਹੋਂਦ ਵਾਂਗ
ਖੁਰ ਜਾਂਦਾ ਹੈ
ਵਰਤਮਾਨ ਦਾ ਕੁਝ ਹਿੱਸਾ
ਮੌਸਮ ਕਈ ਆਏ ਤੇ ਕਈ ਗਏ
ਪਰ ਜ਼ਿਹਨ ਅੰਦਰ ਸੁਲਗਦਾ ਰਿਹਾ
ਬੀਤੀ ਉਮਰ ਦਾ ਅਹਿਸਾਸ
ਹਾਉਕਿਆਂ ਦਾ ਸਬੱਬ ਬਣ ਕੇ
ਅਤੇ ਇਸ ਤਰ੍ਹਾਂ ਹੀ
ਇਕ ਮੌਸਮ ਮੇਰਾ ਵੀ
ਗੁਆਚ ਗਿਆ ਕਿਧਰੇ
ਜਿਸਨੂੰ
ਲੱਭਦਾ ਲੱਭਦਾ ਥੱਕ ਗਿਆ ਹਾਂ
ਤੇ ਥੱਕ ਥੱਕ ਕੇ
ਅੱਕ ਗਿਆ ਹਾਂ ਪੱਕ ਗਿਆ ਹਾਂ।

## ਖੋਖਲਾ ਵਜੂਦ

ਉਹ ਮੈਨੂੰ
ਚਿੜਾ ਚਿੜਾ ਕੇ ਗੱਲਾਂ ਕਰਦੀ
ਤਾਂ ਮੈ
ਹੱਸ ਛੱਡਦਾ ਤੇ ਸੋਚਦਾ
ਹੈ ਉਹ ਕਿੰਨੀ ਪਿਆਰੀ
ਕਿੰਨੀ ਪਿਆਰੀ ਕਿੰਨੀ ਨਿਆਰੀ
ਫਿਕਰਮੰਦ ਤੇ ਕਿੰਨੀ ਸਿਆਣੀ
ਚੌਂਕੇ ਚੁੱਲ੍ਹੇ ਖ਼ੂਬ ਸਚਿਆਰੀ
ਸੋਚਾਂ ਦੇ ਵਿੱਚ ਚੁੱਭੀਆਂ ਲਾਉਂਦੀ
ਸੁਪਨਿਆਂ ਦੀ ਇਹ ਰਾਜ ਦੁਲਾਰੀ।
ਕਿੰਨਾ ਮੂਰਖ ਹਾਂ ਮੈਂ
ਕਿੰਨਾ ਕੱਬਾ ਤੇ ਲਾਪਰਵਾਹ
ਕਿੰਨਾ ਕੁਹਜਾ ਤੇ ਸੜੀਅਲ
ਕਿੰਨਾ ਭੱਦਾ ਕਿੰਨਾ ਮੱਕਾਰੀ
ਕਿੰਨਾ ਜਿੱਦੀਆ ਕਿੰਨਾ ਅੜੀਅਲ
ਕਦੇ ਨਾ ਸਮਝਾਂ ਜ਼ਿੰਮੇਵਾਰੀ।
ਰੰਗਾਂ ਦੀ ਭਟਕਣ ਵਿੱਚ ਵੀ
ਪੀਲੇ ਪੀਲੇ ਫੁੱਲਾਂ ਵਰਗਾ

ਸੁਆਹ ਹੋਇਆ ਇਕ ਰਿਸ਼ਤਾ
ਜ਼ਿੰਦਗੀ ਦੀ ਭਾਲ ਵਿੱਚ
ਅੱਖਾਂ ਵਿੱਚ ਸਜਾਕੇ ਸੁਪਨੇ
ਹਾਦਸਾ-ਦਰ-ਹਾਦਸਾ
ਤਰਸੇਵਾ ਕਰਦਾ ਤੇ ਸਿਤਮ ਜਰਦਾ
ਰੁੱਸੇ ਪਲਾਂ ਦੀ ਖਿੱਚੀ ਲੀਕ
ਬਣ ਗਈ ਜੀਵਨ ਪ੍ਰਤੀਕ।
ਉਹ ਤਾਂ ਮੁਹੱਬਤ ਹੈ
ਪੱਤੀ ਪੱਤੀ ਹੋਈ
ਤੇ ਜਰਾ ਜਰਾ ਖੁਸ਼ਬੋ ਦਾ
ਇਰਦ ਗਿਰਦ ਫੈਲਿਆ ਹੋਇਆ
ਅਹਿਸਾਸ ਇਕ ਸਹਿਕ ਰਿਹਾ
ਅੰਗ ਅੰਗ ਹੈ ਮਹਿਕ ਰਿਹਾ
ਜਦ ਵੀ ਕਦੇ
ਉਹ ਖ਼ਿਆਲਾਂ ਵਿੱਚ ਘਿਰਦੀ
ਤਾਂ—
ਖੱਟੇ ਮਿੱਠੇ ਸੁਪਨੇ ਲੈਂਦੀ
ਆਪਣੇ ਆਪ ਦੇ ਅੰਦਰ ਲਹਿੰਦੀ
ਬੇ-ਵੱਸੀ ਦੇ ਬੱਦਲ ਅੱਖਾਂ 'ਚ ਉਤਾਰਦੀ
ਗੁੱਝੇ ਮੋਹ ਨਾਲ ਤਿਰਛਾ ਨਿਹਾਰਦੀ
ਤਾਂ ਮੈਂ
ਅੱਥਰੀ ਮਹਿਕ ਨਾਲ ਭਿੱਜਾ
ਨੱਥੀ ਹੋ ਜਾਂਦਾ ਹਾਂ

ਜ਼ਿਹਨ ਦੀ ਨੁਕਰੇ ਡਰ ਦੀ ਫਾਈਲ
ਤੇ ਸੁੰਘੜ ਜਾਂਦਾ ਹਾਂ
ਘਾਇਲ ਹੋਇਆ ਅੰਦਰੋਂ ਬਾਹਰੋਂ।
ਸਵੈ ਦੀ ਕੁੱਖ ਨੂੰ ਭਾਲਦਾ
ਸੁੱਟ ਦੇਂਦਾ ਹਾਂ ਸਕੂਨ
ਰੂਹ ਦੀ ਬਲਦੀ ਭੱਠੀ ਅੰਦਰ
ਤਾਂ—
ਕੰਬ ਕੇ ਰਹਿ ਜਾਂਦੀ ਹੈ
ਯਾਦਾਂ ਦੀ ਤਿੱਖੜ ਧਰਤੀ
ਤੇ ਉਲਟ ਜਾਂਦੀ ਹੈ
ਸਨੇਹ ਭਰੀ ਜੀਵਨ ਕਿਸ਼ਤੀ
ਤੇ ਉਹ ਲੱਭਦੀ ਹੈ ਮੈਨੂੰ
ਬਾਕੀ ਬਚੇ ਕਾਗਜ਼ਾਂ ਵਿੱਚੋਂ
ਬਾਕੀ ਬਚੇ ਹਾਸਿਆਂ ਵਿੱਚੋਂ
ਬਾਕੀ ਬਚੇ ਫ਼ਿਕਰਾਂ ਵਿੱਚੋਂ
ਬਾਕੀ ਬਚੇ ਸਨੇਹ ਵਿੱਚੋਂ
ਬਾਕੀ ਬਚੇ ਹਿਰਖ਼ਾਂ ਵਿੱਚੋਂ
ਤੇ ਸੋਚਾਂ ਦੇ ਬਿਰਖ਼ਾਂ ਵਿੱਚੋਂ
ਪਰ ਮੈਂ
ਡਰ ਦੀ ਫਾਈਲ ਨੱਥੀ ਹੋਇਆ
ਹੋਰ ਸੁੰਘੜ ਜਾਂਦਾ ਹਾਂ
ਤੇ ਸਿਮਟ ਜਾਂਦਾ ਹਾਂ
ਆਪਣੇ ਖੋਖਲੇ ਵਜੂਦ ਅੰਦਰ।

# ਕੌਣ ਸੀ

ਇਹ ਕੌਣ ਸੀ
ਗੌਤਮ ਰਿਸ਼ੀ ਵਰਗਾ
ਬਹੁ ਰੂਪੀਆ
ਛਲ ਗਿਆ ਜੋ ਮੇਰੀ ਅਹਿਲਿਆ ਨੂੰ
ਯਕੀਨ ਦੇ ਹਨ੍ਹੇਰੇ ਵਿੱਚ
ਧਾਰ ਕੇ ਰੂਪ ਮੇਰਾ
ਰਾਮ ਰਾਮ ਉਚਾਰਨ ਦੀ
ਭੁਗਤ ਰਹੀ ਸਜ਼ਾ
ਬੁਤ ਬਣੀ ਉਹ
ਕੌੜਾ ਘੁੱਟ ਵੇਗ ਦਾ ਪੀ ਕੇ
ਦਰਦ ਜ਼ਖ਼ਮਾਂ ਦੇ ਹੱਥੀਂ ਸੀ ਕੇ
ਆਪਣੀ ਹੋਂਦ ਚੁਫ਼ੇਰੇ ਸਿਮਟੀ
ਪੱਥਰ ਸਿਲ ਹੋ ਗਈ ਵਿਚਾਰੀ
ਸਾਰੀ ਦੀ ਸਾਰੀ ਆਪ ਮੁਹਾਰੀ।
ਅੱਖਾਂ ਦੇ ਵਿੱਚ ਦਗਦੇ ਸੁਪਨੇ
ਨਾ ਬੇਗਾਨੇ ਨਾ ਹੀ ਆਪਣੇ
ਜੂਹਾਂ ਵਿੱਚ ਜਿਉਂ ਪਲਾਂ ਦਾ ਹਾਦਸਾ
ਸਿਰਜਦਾ ਹੈ ਅੰਦਾਜ਼ ਜਿਊਣ ਦਾ

ਨਾਲ ਮੜਕ ਦੇ ਸ਼ਬਦਾਂ ਬਦਲੇ
ਅਰਥ ਕਿਰਿਆ ਵੇਗ ਕੁਆਰੇ
ਕਿਹੜੇ ਯੋਗ ਇਕ ਮਿਕ ਹੋ ਗਏ
ਉੱਖੜੇ ਸਾਹ ਸਮੁੰਦਰ ਖਾਰੇ
ਉਜੜੇ ਪਹਾੜਾਂ ਤੇ ਡਿੱਗਿਆ ਹਮਲ
ਸਰਾਪ ਹੈ ਮੇਰਾ
ਜਾਂ ਫਿਰ ਤੇਰੀ ਸੁਚ ਦਾ ਮੋਤੀ
ਅੱਧਾ ਅਧੂਰਾ ਨਾ ਹੋਇਆ ਪੂਰਾ
ਜਾਂ ਵਿੱਚ ਨਿਰਾਸ਼ਾ ਤੁਰਦੇ ਤੁਰਦੇ
ਤੇ ਖੁਰਦੇ ਖੁਰਦੇ ਹੋ ਗਈ ਜਾਪੇ
ਚਰਨ ਛੂਹ ਦੀ ਕਰਾਮਾਤ
ਨਿਰਮਲ ਹੋ ਗਈ ਅੱਗ ਦੀ ਜਾਤ
ਇਹ ਤਾਂ ਸ਼ਾਇਦ
ਇੰਦਰ ਦੇਵਤੇ ਦੇ ਧਨੁਸ਼ ਵਰਗੀ
ਔਲਾਦ ਹੈ ਬੇਮੁਹਾਰੀ
ਜਿਸਮਾਂ 'ਚ ਲੱਥੀ ਮੋਹ ਦੀ ਤਾਰੀ
ਜ਼ਿਹਨ ਦੇ ਟੁੱਟਣ ਵਰਗਾ
ਸਰਾਪ ਤੇ ਸੰਤਾਪ ਹੰਢਾਉਂਦੀ
ਤੇ ਉਦਾਸੇ ਮੌਸਮਾਂ ਵਿੱਚ
ਧੁੱਪਾਂ ਵਿੱਚ ਸਾਹ ਰੁਲਾਉਂਦੀ
ਤੜਪ ਹੈ ਇਹ ਇਕ
ਮਲੂਕ ਜਿਹੀ ਚਾਹਤ ਦੀ
ਜ਼ਖ਼ਮੀਂ ਹੋਈਆਂ ਸੱਧਰਾਂ
ਤੇ ਦਿਲ ਦੇ ਘਬਰਾਹਟ ਦੀ।

## ਮੂਲ ਮੰਤਰ

ਤੂੰ ਹੀ ਮੇਰਾ ਲੋਕ
ਤੂੰ ਹੀ ਮੇਰਾ ਪਰਲੋਕ
ਮੇਰਾ ਮਸਤੱਕ ਮੇਰੀ ਕਿਸਮਤ
ਮੇਰਾ ਵਿਧਾਤਾ ਮੁਕਤੀ ਦਾਤਾ
ਸਭ ਕੁੱਝ ਮੇਰਾ ਤੂੰ ਹੀ ਤੂੰ
ਜਿੱਧਰ ਵੀ ਦੇਖਾਂ ਤੂੰ ਹੀ ਤੂੰ
ਧੜਕਣ 'ਚ ਹੋਵੇ ਤੂਫ਼ਾਨ ਜੇਕਰ
ਲੱਗੇ ਸਮਾਧੀ ਖੁਲ੍ਹੇ ਨੇਤਰ
ਲੰਘੀ ਬਸੰਤ ਆਇਆ ਚੇਤਰ
ਕਿਣ ਮਿਣ ਹੋਇਆ ਜ਼ਿਹਨ ਦਾ ਖੇਤਰ।
ਧੂਣੀ ਦਾ ਧੁਖ਼ਣਾ
ਦਿਲ ਦਾ ਦੁਖਣਾ
ਜਿਗਰ ਦੀ ਧੁੱਪ
ਸਾਧਨਾਂ ਦੀ ਚੁੱਪ

ਫੁਲਾਂ ਜਿਹੇ ਮਨੁੱਖ
ਸਫ਼ਰ ਦੀ ਭੁੱਖ
ਹੈ ਇਕੋ ਇਕ ਅੱਗ
ਹੋਇਆ ਨਾ ਕਦੇ ਰੱਜ
ਖੁਲ੍ਹੀ ਅੱਖ ਦੀ ਪਸੰਦ
ਪਰਮਾਨੰਦ ਸਹਿਜ ਅਨੰਦ
ਦੇਹ ਤੇਰੀ ਦਾ ਪਾਰ ਉਤਾਰਾ
ਬ੍ਰਹਿਮੰਡ ਦਾ ਅਨੰਤ ਪਸਾਰਾ
ਦਿਨ ਹੀ ਦਿਨ ਨਾ ਹੋਵੇ ਰਾਤ
ਨਾਦ ਨਾਦ ਹੋਵੇ ਬਰਸਾਤ
ਫੁੱਲ ਸੁਨਹਿਰੀ ਖਿੜੀ ਪ੍ਰਭਾਤ
ਮਹਿਕਾਂ ਭਿੱਜੀ ਮਿਲੀ ਸੁਗਾਤ
ਤੂੰ ਹੀ ਹਵਾ
ਤੂੰ ਹੀ ਪਾਣੀ
ਤੂੰ ਹੀ ਮੇਰੇ ਦਿਲ ਦਾ ਜਾਣੀ
ਤੂੰ ਹੀ ਮਿੱਟੀ
ਤੂੰ ਹੀ ਬਸੰਤਰ
ਤੂੰ ਹੀ ਮੇਰਾ ਮੂਲ ਮੰਤਰ।

## ਤਹਿਜੀਬ

ਸੁਪਨਿਆਂ ਦੀ
ਆਪਣੀ ਕੋਈ ਤਹਿਜੀਬ ਨਹੀਂ ਹੁੰਦੀ
ਕੋਈ ਤਰਤੀਬ ਨਹੀਂ ਹੁੰਦੀ
ਕਈ ਆਉਂਦੇ ਪਰੀਆਂ ਵਰਗੇ
ਕਈ ਆਉਂਦੇ ਲੰਡ ਬਲੰਡੇ
ਕਦੇ ਆਉਂਦੇ ਹਨ ਡਰਾਉਣੇ
ਕਦੇ ਕਦੇ ਬੜੇ ਮਨਮੋਹਣੇ
ਦਿਲ ਨੂੰ ਲੁਭਾਉਂਦੇ ਲੱਗਣ ਸੋਹਣੇ
ਕਦੇ ਕੋਈ ਵਿਛੜਿਆ ਮਿਲ ਜਾਂਦਾ
ਕਦੇ ਕਦੇ ਕੋਈ ਅਣਜਾਣ ਜਿਹਾ
ਕੋਈ ਆ ਕੇ ਰਹਿਮਤਾਂ ਬਖ਼ਸ਼ੇ
ਕੋਈ ਮੰਗਤਾ ਬਣ ਗਲੀਆਂ ’ਚ ਭੌਂਦਾ
ਦਰ ਮੇਰੇ ਤੇ ਖਲੋਂਦਾ।
ਸੁਪਨਿਆਂ ਦੀ ਫਸਲ ਵੀ
ਅਸਾਂ ਕਦੇ ਪੱਕੀ ਨਹੀਂ ਵੇਖੀ
ਪਰ ਸੁਪਨੇ ਵੇਖਣ ਵਾਲਾ
ਆਪ ਹੀ
ਪੱਕਦਾ ਪੱਕਦਾ ਪੱਕ ਜਾਂਦਾ
ਤੇ ਫਿਰ ਖੋ ਜਾਂਦਾ ਹੈ
ਆਰ ਪਾਰ ਦੀ ਦੁਨੀਆ ਅੰਦਰ
ਸੁਪਨਿਆਂ ਸੰਗ ਸੁਪਨਾ ਹੋ ਕੇ।

## ਹੁੰਗਾਰਾ

ਤੇਰੀ ਅੱਖ ਦਾ
ਅੱਥਰੂ ਕੀ ਵਗਿਆ
ਕਿ ਭਰ ਗਏ
ਦਿਲ ਦੇ ਦਰਿਆ ਤੇ ਡੂੰਘੇ ਸਾਗ਼ਰ
ਝਗੋ ਝੱਗ ਹੋ ਗਿਆ ਹਾਂ ਮੈਂ
ਤਨ ਮਨ ਤੋਂ ਰੂਹ ਤੱਕ
ਬੂੰਦ ਬੂੰਦ ਹੋ ਕੇ ਫੈਲ ਗਿਆ ਹਾਂ
ਤੇਰੀ ਹੋਂਦ ਦੇ ਦੂਰ ਦੁਰਾਡੇ
ਬੜਾ ਖ਼ਤਰਨਾਕ ਹੋਵੇਗਾ
ਤੇਰਾ ਇਕ ਵੀ ਹੋਰ ਅੱਥਰੂ
ਪਵਿੱਤਰ ਰਿਸ਼ਤਿਆਂ ਦੇ ਖੁਰਨ ਵਾਸਤੇ।
ਹੁਣ ਤੂੰ ਚੁੱਪ ਕਰ
ਤੇ ਇੰਜ ਕਰ
ਵੇਖ ਮੇਰੀਆਂ ਅੱਖਾਂ ਵਿੱਚ ਵੇਖ
ਖੌਲ ਰਹੇ ਹਨ ਕਿੰਨੇ ਸਮੁੰਦਰ
ਕਿੰਨੇ ਤੱਤਪਰ ਤੇ ਉਪਰਾਮ ਹਨ
ਨੀਰਸ ਹੋਈ ਜ਼ਿੰਦਗੀ ਦੇ
ਕਿਨਾਰਿਆਂ ਨੂੰ ਛੂਹਣ ਵਾਸਤੇ।

ਸੀਨੇ ਉੱਠੀਆਂ ਬੇਵਸ ਲਹਿਰਾਂ ਦਾ
ਮੇਰੇ ਅੰਦਰ ਸਰਕਦਾ ਸ਼ੋਰ ਸੁਣ
ਤੇਰੇ ਸੁਪਨਿਆਂ ਵਿੱਚ ਡੁੱਬਣ ਲਈ
ਅੱਗ ਵਰਗੇ ਅਹਿਸਾਸ ਤਾਂ
ਵਫ਼ਾ ਦੇ ਪੱਤਣਾਂ ਤੇ
ਕੱਚੇ ਘੜਿਆਂ ਸਮੇਤ ਹਾਜ਼ਰ ਹਨ।
ਤੂੰ ਹੀ ਦੱਸ
ਅਲੱਗ ਕਿਵੇਂ ਹੋਵਾਂਗੇ
ਆਕਾਸ਼ ਵਿੱਚ ਲਟਕਦੇ
ਖੁਦਾ ਦੇ ਬਾਕੀ ਬਚੇ ਰੰਗਾਂ ਤੋਂ
ਅਤੇ ਆਪਣੇ ਦਿਲ ਦੀਆਂ
ਅੱਧੀਆਂ ਅਧੂਰੀਆਂ ਮੰਗਾਂ ਤੋਂ
ਕਰਾਂਗੇ ਕਿਵੇਂ ਮਹਿਸੂਸ ਆਪਾਂ
ਪਿਆਸ ਦੇ ਆਲਮ ਬਰੇਤੇ ਵਰਗੀ
ਹੋਣੀ ਦੇ ਕਿਨਾਰੇ ਖੜ੍ਹਕੇ
ਤੇ ਤਿੜਕ ਚੁੱਕੇ ਦਿਲਾਂ ਲਈ
ਮੁਹੱਬਤ ਦਾ ਹੁੰਗਾਰਾ ਬਣ ਕੇ।

## ਜਦ ਵੀ ਕਦੇ

ਜਦ ਵੀ ਕਦੇ
ਬਿਖਰਦੀ ਹੈ ਮਹਿਕ ਚੁਫ਼ੇਰੇ
ਤਾਂ
ਲੁਛ ਲਛ ਕਰਦਾ ਹੈ ਮੇਰਾ ਅੰਦਰ
ਤੇ ਝੁਣਝੁਣੀ ਜਿਹੀ ਛਿੜਦੀ ਹੈ
ਜਿਊਣ ਦੀ ਚਾਹਤ ਵੀ ਖਿੜਦੀ ਹੈ
ਚੋਟੀ ਤੇ ਖੜ੍ਹਾ
ਕਰਦਾ ਹਾਂ ਮਹਿਸੂਸ ਮੈਂ
ਕਿ ਝਰਨਿਆਂ ਦੇ ਵਾਂਗ
ਡੁੱਲ੍ਹ ਡੁੱਲ੍ਹ ਪੈਂਦਾ ਹਾਰ ਗਿਆ ਹਾਂ
ਆ ਬਿਫਰੀ ਝੀਲ ਵਿਚਕਾਰ ਗਿਆ ਹਾਂ।
ਖਾਲੀ ਤਨ ਖਾਲੀ ਮਨ
ਹੱਥ ਦੋਵੇਂ ਉੱਪਰ ਕਰਕੇ
ਖਲਾਅ ਭਰਨ ਦਾ ਯਤਨ ਕਰਦਾ
ਪਿਘਲ ਜਾਂਦਾ ਹਾਂ
ਮੋਹ ਮਮਤਾ ਦੀ ਰੂਹ ਤੱਕ
ਉੱਜੜੇ ਦਿਲ ਦੀ ਜੂਹ ਤੱਕ।
ਪਰਵਾਜ਼ ਹੁੰਦਾ

ਤਾਂ ਸ਼ਾਇਦ ਭਰ ਲੈਂਦਾ
ਸਾਰਾ ਆਕਾਸ਼ ਖੰਭਾਂ ਅੰਦਰ
ਤੇ ਉੱਡ ਜਾਂਦਾ ਥੱਕਾ ਟੁੱਟਾ
ਖੁਦੀ ਆਪਣੀ ਦਾ ਸਫ਼ਰ ਲੈ ਕੇ
ਸੁੰਨੇ ਰਾਹਾਂ ਦੀ ਖ਼ਬਰ ਲੈ ਕੇ।
ਜ਼ਿਹਨ ਦੇ ਅੰਦਰ
ਸੋਚਾਂ ਦੇ ਅੰਬਰ ਯਾਦਾਂ ਦੇ ਬਦਲ
ਅਰਧ ਅਧੂਰੇ ਕਰਵੱਟ ਲੈਂਦੇ
ਤਾਂ ਕਿਣਮਿਣ ਕਿਣਮਿਣ ਹੋ ਜਾਂਦਾ
ਵਜੂਦ ਮੇਰੇ ਦਾ ਮਾਰੂਥਲ
ਜੋ ਪਿਆਸੀ ਨਦੀ ਹੈ ਅਸਲ।
ਬੜਾ ਕੁਝ ਬਦਲ ਜਾਂਦਾ ਹੈ
ਸਮੇਂ ਦੇ ਨਾਲ ਤੁਰਦਿਆਂ
ਪਰ ਜੇ ਨਹੀਂ ਬਦਲਦਾ
ਤਾਂ ਨਹੀਂ ਬਦਲਦਾ
ਆਪਣੀਆਂ ਜੜ੍ਹਾਂ ਦਾ ਰਿਸ਼ਤਾ
ਉਮਰਾਂ ਦੀ ਤਲਾਸ਼ ਨਾਲ ਜੁੜਿਆ
ਤੇ ਪਿਛੇ ਰਹਿ ਜਾਂਦਾ ਹੈ
ਚਾਹਿਆ ਅਣਚਾਹਿਆ
ਭੁੱਲਿਆ ਵਿਸਰਿਆ
ਜਿਉਣ ਮਰਨ ਦਾ ਮਾਨ ਸਨਮਾਨ
ਤੇ ਸਮੇਂ ਦੀ ਧੂੜ ਵਿੱਚ
ਮਿੱਟ ਰਹੇ ਪੈਰਾਂ ਦੇ ਨਿਸ਼ਾਨ।

## ਅੱਗ ਦੀ ਮਹਿਕ

ਅੱਗ ਦੀ ਵੀ ਮਹਿਕ ਹੁੰਦੀ ਹੈ
ਜ਼ਰਾ ਸੁੰਘ ਤਾਂ ਵੇਖੋ
ਚੁੱਲ੍ਹੇ ਦੀ ਅੱਗ ਵਿੱਚ
ਹੁੰਦੀ ਹੈ ਮਹਿਕ
ਗੋਹੇ ਦੇ ਧੂੰਏ ਦੀ
ਲੋਹ ਦੀ ਅੱਗ ਵਿੱਚ
ਹੁੰਦੀ ਹੈ ਮਹਿਕ
ਛਮੀਟੀਆਂ ਤੇ ਤਲੂਅਣੀਆਂ ਦੀ
ਚੁੰਬੇ ਦੀ ਅੱਗ ਵਿੱਚ
ਹੁੰਦੀ ਹੈ ਮਹਿਕ
ਖੋਰੀ ਅਤੇ ਚੂਰੇ ਦੀ
ਭੱਠੀ ਦੀ ਅੱਗ ਵਿੱਚ
ਹੁੰਦੀ ਹੈ ਮਹਿਕ
ਨਿੱਕ ਸੁਕ ਦੇ ਬਾਲਣ ਦੀ

ਧੂੰਏ ਦੀ ਅੱਗ ਵਿੱਚ
ਹੁੰਦੀ ਹੈ ਮਹਿਕ
ਪਾਥੀਆਂ ਤੇ ਪਰਾਲੀ ਦੀ
ਆਹਰਨ ਦੀ ਅੱਗ ਵਿੱਚ
ਹੁੰਦੀ ਹੈ ਮਹਿਕ
ਲੱਕੜ ਦੀ ਛੱਕਾਂ ਦੀ
ਪਰ ਅੰਦਰ ਦੀ ਅੱਗ ਤਾਂ
ਮਘਣ ਤੋਂ ਪਹਿਲਾਂ ਹੀ
ਮਹਿਕ ਪੈਂਦੀ ਹੈ
ਤੇ ਮਹਿਕ ਪੈਂਦਾ ਹੈ
ਤਨ ਮਨ ਤੇ ਜਿਸਮ ਸਾਰਾ
ਲੋਅ ਲੋਅ ਤੇ ਜਲੌਅ ਜਲੌਅ
ਹੋ ਜਾਂਦਾ ਹੈ
ਧੁਰ ਅੰਦਰਲਾ ਘੁੱਪ ਹਨ੍ਹੇਰਾ
ਤੇ ਪੇਟ ਦੀ ਅੱਗ ਵਿੱਚੋਂ
ਉੱਠਦੀ ਹੈ ਮਹਿਕ
ਧਰਵਾਸ ਬਣੇ ਹੋਏ ਅੰਨ ਦੀ
ਇਕ ਅੱਗ ਹੋਰ ਵੀ ਹੁੰਦੀ ਹੈ
ਜਿਸਦੀ ਮਹਿਕ ਨਾਲ
ਤੁਰਦਾ ਹੈ ਇਹ ਸੰਸਾਰ
ਪੀੜ੍ਹੀ ਦਰ ਪੀੜ੍ਹੀ.....

## ਧੁੰਦਲੇ ਸੁਪਨੇ

ਪਿਛਲੇ ਦਿਨੀਂ
ਮਿਲਾਵਟੀ ਜਿਹੀਆਂ ਯਾਦਾਂ ਦਾ
ਇਕ ਝੁਰਮੱਟ ਜਿਹਾ ਛਾਇਆ ਰਿਹਾ
ਤੇ ਮੈਨੂੰ
ਕੁਝ ਵੀ ਨਹੀਂ ਸੀ ਔਹੜ ਰਿਹਾ
ਮੈਂ ਚੁੱਕੀ ਫਿਰ ਕਲਮ
ਕਿ ਲਿਖਾਂ ਕੋਈ ਕਵਿਤਾ ਜਾਂ ਨਜ਼ਮ
ਪਰ ਕੋਈ ਸੰਕੇਤ
ਜ਼ਿਹਨ ਵਿੱਚ ਨਾ ਆਇਆ
ਫਿਰ ਮੈਂ ਡੁੱਬ ਗਿਆ
ਸੋਚਾਂ ਦੇ ਬੇ-ਪਨਾਹ ਸਮੁੰਦਰ
ਤੇ ਸੋਚਦਾ ਰਿਹਾ
ਕੀ ਹੈ ਰਿਸ਼ਤਾ ਕਲਮ ਤੇ ਕਾਗਜ਼ ਦਾ
ਸਿਆਹੀ ਤੇ ਅੱਖ਼ਰਾਂ ਦਾ
ਅੱਖ਼ਰਾਂ ਦਾ ਤੇ ਕਵਿਤਾ ਦਾ
ਫਿਰ ਮੈਂ ਜੋੜਾਂ ਰਿਸ਼ਤਾ

ਯਕੀਨ ਵਿੱਚ ਆਏ ਭਰਮ ਦਾ
ਅੱਖਾਂ 'ਚ ਆਈ
ਆਪ ਹੁਦਰੀ ਸ਼ਰਮ ਦਾ
ਇਸ ਤੋਂ ਅੱਗੇ
ਇਕ ਵਿੱਥ ਸੀ
ਝੂਠ ਤੇ ਸੱਚ ਦੇ ਵਿਚਕਾਰ
ਤਨ ਮਨ ਵਿੱਚ ਪੈ ਗਈ
ਮਹਿਕਦੇ ਰਿਸ਼ਤੇ ਦੀ ਦਰਾੜ
ਮੈਂ ਮੈਂ ਨਾ ਰਿਹਾ
ਤੇ ਉਹ ਉਹ ਨਾ
ਫਿਰ ਵੀ ਆਉਂਦੇ ਰਹੇ
ਉੱਡਦੀ ਪਤੰਗ ਜਿਹੇ ਸੁਪਨੇ ਕਵਿਤਾ ਵਰਗੇ
ਪਰ ਉਹ ਕਵਿਤਾ ਨਾ ਬਣ ਸਕੇ
ਨਾ ਮੈਂ ਕਵੀ।

# ਹਰ ਮੋੜ ਉੱਤੇ

ਮਿਲਣ ਤੋਂ ਪਹਿਲਾਂ
ਤੂੰ ਬੜਾ ਕੁਝ ਕਰੇਂਗੀ ਮੇਰੇ ਲਈ
ਇਹ ਮੈਂ ਜਾਣਦਾ ਹਾਂ
ਤੂੰ ਬਣੇਂਗੀ ਮੇਰੀ ਦੀਵਾਲੀ ਵਾਸਤੇ
ਮੋਮਬੱਤੀ, ਅਨਾਰ ਤੇ ਫੁੱਲਝੜੀ।
ਤੂੰ ਤਿਤਲੀ ਦੀ ਸਵਾਰੀ ਕਰਕੇ
ਆਵੇਂਗੀ ਮੇਰੇ ਕੋਲ ਮੇਰੇ ਘਰ
ਤੂੰ ਹਵਾ ਬਣ ਕੇ
ਦੇਵੇਂਗੀ ਦਸਤੱਕ ਬੰਦ ਹੋਏ ਬੂਹੇ ਤੇ
ਤੂੰ ਤਰੇਂਗੀ ਕਈ ਨਦੀਆਂ
ਤੇ ਡੁੱਬੇਂਗੀ ਕਈ ਸਮੁੰਦਰ
ਮੇਰੇ ਤੱਕ ਪਹੁੰਚਣ ਲਈ।
ਤੂੰ ਬ੍ਰਹਿਮੰਡ ਦੀ
ਕਰਦੀ ਰਹੇਂਗੀ ਪਰਿਕਰਮਾ ਸਾਰੀ ਉਮਰ
ਤੇ ਇਸ ਤਰ੍ਹਾਂ ਹੀ
ਘੱਟ ਜਾਵੇਗਾ ਫਾਸਲਾ
ਦੇ ਦੂਰੀਆਂ ਦੋ ਮਨਾਂ ਦੇ ਵਿਚਕਾਰ।

ਤੂੰ ਬਹੁਤ ਕੁਝ ਦੇਵੇਂਗੀ ਮੈਨੂੰ
ਗਲਵਕੜੀ ਸਹਾਰਾ ਤੇ ਮੁਸਕਰਾਹਟ
ਤੇ ਜ਼ਿੰਦਗੀ ਦੇ ਕਈ ਨਵੇਂ ਰੰਗ
ਨਵੇਂ ਅਰਥ ਮਹਿਕਾਂ ਭਰੇ ਅੰਗ ਸੰਗ
ਤੂੰ ਮੇਰੇ ਹਿਰਦੇ ਅੰਦਰ
ਬਿਖਾਰੇਂਗੀ ਲੋਅ ਦੀਆਂ ਸੀਤਲ ਕਿਰਨਾਂ
ਤੂੰ ਯਕੀਨ ਦੀ ਬੇੜੀ ਵਿੱਚ ਪੈਰ ਰੱਖ
ਡੁੱਬੂ ਡੁੱਬੂ ਕਰਦੇ ਪਾਰ ਕਰ ਲਵਾਂਗੇ
ਜ਼ਿੰਦਗੀ ਦੇ ਸਾਰੇ ਖ਼ਾਰੇ ਸਾਗ਼ਰ।
ਹਵਾਵਾਂ ਦਾ ਰੁੱਖ ਵੇਖਕੇ
ਚਲਣ ਦੇ ਆਦੀ ਨਹੀਂ ਹਾਂ
ਮੌਸਮਾਂ ਦੀ ਕੁਰੱਖ਼ਤ ਰੁੱਤੇ ਵੀ
ਮਚਲਦੇ ਰਵਾਂਗੇ ਅਸੀਂ
ਸਿਤਮ ਦੇ ਹਰ ਮੋੜ ਉੱਤੇ।

# ਇਕ ਹੋਰ ਸੂਰਜ

ਮੇਰੇ ਅੰਦਰ ਵੀ
ਚੜ੍ਹਦਾ ਹੈ ਇਕ ਹੋਰ ਸੂਰਜ
ਜਿਸਦੀ ਦਿਸ਼ਾ ਤੋਂ ਮੈਂ
ਬਿਲਕੁਲ ਹੀ ਅਗਿਆਤ ਹਾਂ
ਜ਼ਿਹਨ ਦੇ ਅਕਾਸ਼ ਅੰਦਰ
ਹੁੰਦੀ ਹੈ ਉਸਦੀ ਆਪਣੀ ਚੜ੍ਹਤ
ਤੇ ਫ਼ਰੋਲਦਾ ਹੈ ਉਹ
ਹਨੇਰੇ ਦੀ ਪਰਤ ਦਰ ਪਰਤ
ਤੇ ਭਾਲਦਾ ਹੈ
ਅਤੀਤ ਵਿੱਚ ਗੁਆਚੇ
ਸੁਪਨਿਆਂ ਦੇ ਧੁੰਦਲੇ ਪਰਛਾਵੇਂ
ਜਿਹਨਾਂ ਦੀ ਛਾਂ ਥੱਲੇ
ਤੁਰਨ ਲੱਗਿਆਂ
ਉਜਾੜ ਤੇ ਬੀਆਬਾਨ
ਚੌਗਿਰਦੇ ਵਿੱਚ ਗੁੰਮ ਹੋ ਜਾਈਦਾ
ਤੇ ਮਹਿਜ ਸੁਪਨੇ ਬਣ ਜਾਈਦਾ
ਹਯਾਤੀ  ਦੀ ਟਹਿਣੀ ’ਤੇ

ਪੁੰਗਰ ਆਉਂਦਾ ਹੈ
ਲਿਸ਼ਕੋਰਾਂ ਮਾਰਦਾ ਜਗਦਾ ਮਘਦਾ
ਸ਼ਬਦਾਂ ਦਾ ਇਕ ਘਣਾ ਜੰਗਲ
ਤੇ ਇਸ ਜੰਗਲ ਵਿੱਚ ਸੁਰੱਖਿਅਤ ਹੈ
ਰੁੱਖ ਮਨੁੱਖ ਛਾਂ ਤੇ ਧੁੱਪ
ਚੰਨ ਕਿਰਨਾਂ ਰਾਤ ਹਨੇਰਾ
ਚਾਨਣ ਚਾਨਣ ਹੋਇਆ ਸਵੇਰਾ
ਸ਼ੂਕਦੀ ਹਵਾ ਸਹਿਕਦੇ ਨੇ ਪੰਛੀ
ਭਰਦੇ ਉਡਾਰੀਆਂ ਲਾਉਂਦੇ ਤਾਰੀਆਂ
ਦਿਨ ਹੋਵੇ ਜਾਂ ਰਾਤ ਹੋਵੇ
ਸ਼ਾਮ ਹੋਵੇ ਜਾਂ ਪਰਭਾਤ ਹੋਵੇ
ਮੇਰੇ ਅੰਦਰ ਵੀ
ਚੜ੍ਹ ਪੈਂਦਾ ਹੈ ਇਕ ਹੋਰ ਸੂਰਜ
ਸੂਰਜ ਜਿਸਦਾ
ਨਿੱਘ ਵਰਗਾ ਅਹਿਸਾਸ ਤਾਂ ਹੈ
ਤੇ ਲੋਅ ਹੈ ਨਿਰਾਲੀ ਜਿਸਦੀ
ਪਰ ਧੁੱਪ ਨਹੀਂ ਦਿਸਦੀ।

## ਤੂੰ ਮਿਲਿਆ ਕਰ

ਤੂੰ ਮਿਲਿਆ ਕਰ
ਜਿਵੇਂ ਸਾਗਰ ਨੂੰ ਨਦੀ
ਤੇ ਰਾਤ ਨੂੰ ਦਿਨ
ਮੈਂ ਭਟਕਦਾ ਰਹਾਂਗਾ
ਤੇਰੇ ਚਾਨਣ ਦੇ ਨਿੱਘ ਨਾਲ
ਰਾਤ ਦੀ ਭਟਕਣ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਰੁੱਖ ਨੂੰ ਪਰਿੰਦਾ
ਤੇ ਕਮਰੇ ਨੂੰ ਹਵਾ
ਮੈਂ ਤਰਦਾ ਰਵਾਂਗਾ
ਤੇਰੇ ਮੰਨ ਖੁੱਲ੍ਹੇ ਅੰਬਰ
ਸੁਬਾਹ ਦਾ ਸੰਗੀਤ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਲਹਿਰਾਂ ਨੂੰ ਕਿਨਾਰਾ
ਤੇ ਧੁੱਪ ਨੂੰ ਛਾਂ
ਮੈਂ ਹੂੰਝਦਾ ਰਵਾਂਗਾ
ਤੇਰੇ ਅੰਦਰ ਦਾ ਹਨੇਰਾ
ਚਾਨਣ ਦੀ ਲਿਸ਼ਕੋਰ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਚੁੱਪ ਨੂੰ ਬੋਲ
ਤੇ ਭੁੱਖ ਨੂੰ ਟੁੱਕ
ਮੈਂ ਸੁਪਨੇ ਸਿਰਜਾਂਗਾ
ਹਵਾਵਾਂ ਵਿੱਚ ਖੁਸ਼ਬੋ ਉਡਾ ਕੇ
ਲੋਕਾਂ ਲਈ ਸੰਗੀਤ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਦੁੱਖ ਨੂੰ ਸੁੱਖ
ਤੇ ਟਿੰਡ ਨੂੰ ਬੈੜ
ਮੈਂ ਸਿੰਝਦਾ ਰਵਾਂਗਾ
ਤੇਰੇ ਮਨ ਦੇ ਥੱਲ ਅੱਥਰੇ
ਝਿਰ ਝਿਰ ਕਰਦੇ ਅੱਥਰੂ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਹੋਠਾਂ ਨੂੰ ਚੁੰਮਣ
ਤੇ ਧਰਤੀ ਨੂੰ ਅਕਾਸ਼
ਮੈਂ ਉੱਡਦਾ ਰਵਾਂਗਾ
ਪੱਥਰ ਹੋਈ ਧਰਤ ਉੱਤੇ
ਤੇਰੀ ਹੋਣੀ ਦਾ ਬੱਦਲ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਗੁਰੂ ਨੂੰ ਚੇਲਾ
ਤੇ ਮਜ਼ਦੂਰ ਨੂੰ ਕੰਮ
ਮੈਂ ਬੀਜ ਉਗਾਵਾਂਗਾ
ਪੈਰਾਂ ਦੀ ਜ਼ਮੀਨ 'ਚ ਚੋ ਕੇ
ਤੇਰੇ ਮੱਥੇ ਦਾ ਪਸੀਨਾ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਔੜ ਨੂੰ ਬਾਰਿਸ਼
ਤੇ ਮਰੀਜ਼ ਨੂੰ ਦੁਆਈ
ਮੈਂ ਡੀਕ ਲਵਾਂਗਾ
ਤੇਰੇ ਜਿਸਮ ਦੇ ਅਨੋਖੇ ਰੰਗ
ਮਨਚਾਹੀ ਤੇਰੀ ਇੱਛਾ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਨੀਂਦ ਨੂੰ ਸੁਪਨਾ
ਤੇ ਰੂਹ ਨੂੰ ਜਿਸਮ
ਮੈਂ ਮੱਚਦਾ ਰਵਾਂਗਾ
ਸਰਾਪੀ ਹੋਂਦ ਦਾ ਕਿਣਕਾ-ਕਿਣਕਾ
ਤੇਰੀ ਅਵਾਰਗੀ ਦਾ ਸਕੂਨ ਬਣ ਕੇ।

ਤੂੰ ਮਿਲਿਆ ਕਰ
ਜਿਵੇਂ ਪਾਣੀ ਨੂੰ ਪਿਆਸ
ਤੇ ਕਲਮ ਨੂੰ ਅੱਖਰ
ਮੈਂ ਝੂਮਦਾ ਰਵਾਂਗਾ
ਯਾਦਾਂ ਦੀਆਂ ਲਗਰਾਂ 'ਤੇ
ਹਵਾ 'ਚ ਲਿਖਿਆ ਸਿਰਨਾਵਾਂ ਬਣ ਕੇ।

ਆ ਕੇ ਤਾਂ ਮਿਲ
ਜਿਵੇਂ ਪੈਰਾਂ ਨੂੰ ਸਫ਼ਰ
ਤੇ ਹੱਥਾਂ ਨੂੰ ਕਿਰਤ
ਮੈਂ ਖਿੜਦਾ ਰਵਾਂਗਾ
ਤੇਰੀ ਰੂਹ ਦੀ ਜੂਹ ਅੰਦਰ
ਰੋਹੀ 'ਚ ਉੱਗਿਆ ਫੁੱਲ ਬਣ ਕੇ

ਆ ਕੇ ਮਿਲ
ਤੇ ਮਿਲਿਆ ਕਰ
ਜਿਵੇਂ ਪਾਪ ਨੂੰ ਪੁੰਨ
ਤੇ ਹਉਮੈ ਨੂੰ ਦਯਾ
ਵਗਦਾ ਹੈ ਜਿਥੇ
ਮੁਹੱਬਤ ਦਾ ਦਰਿਆ
ਇੰਜ ਮਿਲਣ ਦਾ ਕਾਹਦਾ ਡਰ
ਤੂੰ ਮਿਲਿਆ ਕਰ
ਬਸ-ਮਿਲ ਲਿਆ ਕਰ।

## ਅੱਜ ਕੱਲ ਦੀ ਮਾਂ

ਕੈਦ ਹੋ ਬੱਚਾ
ਆਪਣੇ ਹੀ ਘਰ ਅੰਦਰ
ਮਾਂ ਦੀ ਗੋਦ ਵਿੱਚ
ਫਿਰ ਵੀ
ਮਿਲਦਾ ਨਹੀਂ ਦੁੱਧ
ਰੋਏ ਬਗੈਰ ਮਾਂ ਆਪਣੀ ਦਾ
ਬਹੁਤ ਰੋਵੇ ਤਾਂ ਮਾਂ
ਝਿੜਕਾਂ ਦੇਂਦੀ ਨੱਕ ਫੈਲਾਉਂਦੀ
ਬੁੜ ਬੁੜ ਕਰਦੀ
ਤਰ੍ਹਾਂ ਤਰ੍ਹਾਂ ਦੇ ਵੱਟ
ਮੱਥੇ ਪਾਉਂਦੀ ਮੂੰਹ ਬਣਾਉਂਦੀ
ਪਰ ਲਾਡਲੇ ਨਾਲ ਲਾਡ ਲਡਾਉਂਦੀ
ਹੇਰਵੇ 'ਚ ਮਰਦੀ
ਗੰਦ ਮੂਤ ਤੋਂ ਡਰਦੀ
ਅਜੀਬ ਤਰ੍ਹਾਂ ਦੇ ਖੇਖਣ ਕਰਦੀ
ਸਬਰ ਸੰਤੋਖ ਦਾ ਘੁੱਟ ਭਰਦੀ
ਨੱਕ ਢੱਕ ਦੰਦ ਕਰੇਦੀ
ਫਿਰ ਪੀੜੀ ਉੱਤੇ ਪਾ ਦੇਂਦੀ
ਹੱਸਣਾ ਵੀ ਘਰ ਵਿੱਚ
ਗੁਨਾਹ ਹੈ ਬੱਚੇ ਦਾ
ਤਨ ਮਨ ਦੇ ਸੱਚੇ ਦਾ
ਬਹੁਤ ਹੱਸੇ ਤਾਂ
ਕਾਲਖ ਟਿੱਕਾ ਮੱਥੇ ਲੱਗਦਾ

ਗੋਲ ਚਿਹਰੇ 'ਤੇ ਬੜਾ ਹੀ ਫੱਬਦਾ
ਗਲ ਵਿੱਚ ਧਾਗਾ
ਡੌਲੇ ਬੱਧਾ ਤਵੀਤ
ਆਸ਼ੀਰਵਾਦ ਕਿਸੇ ਸਾਧੂ ਦਾ
ਜਾਂ ਮਾਂ ਦੇ ਡਰ ਦਾ ਪ੍ਰਤੀਕ
ਘੁੰਗਰੂਆਂ ਵਾਲੀ ਤੇੜ ਤੜਾਗੀ
ਸੱਚ ਮੁੱਚ ਮਾਂ ਦੇ ਰੂਹ ਵਰਗੀ
ਉਲਾਰੀਆਂ ਬਾਹਵਾਂ 'ਚ ਮਮਤਾ ਭਰਦੀ
ਮਾਸੂਮ ਦੇ ਮੱਥੇ ਚੁੰਮਣ ਧਰਦੀ
ਰਚਨਹਾਰੇ ਦੀ ਸ਼ਾਹਦੀ ਭਰਦੀ
ਕੀ ਨਹੀਂ ਮਾਂ ਪੁੱਤ ਲਈ ਕਰਦੀ
ਬੁਰੀ ਨਜ਼ਰ ਤੋਂ ਬਚਾਣ ਦਾ
ਪਿਆਰੀ ਪਿਆਰ ਮਾਂ ਦਾ
ਹੈ ਕਿੰਨਾ ਅਨੋਖਾ ਪਿਆਰੀ ਸਲੀਕਾ
ਕੈਦ ਵਿੱਚ ਰੱਖਣ ਦਾ ਇਹ
ਵੱਖਰਾ ਤੇ ਨਿਆਰਾ ਤਰੀਕਾ।
ਪਰ ਗੋਦ ਵਿੱਚ
ਦੁੱਧ ਚੁੰਘਦਾ ਬੱਚਾ
ਆਪਣੇ ਅੰਬਰ ਉਡਾਰੀਆਂ ਮਾਰੇ
ਮਾਂ ਵੀ ਆਪਣੀ ਉਮਰਾ ਵਾਰੇ
ਵੱਡਿਆਂ ਕੋਲੋਂ ਅਸੀਸਾਂ ਲੈ ਕੇ
ਜਵਾਨ ਹੋ ਕੇ ਗੱਭਰੂ ਹੋ ਕੇ
ਮਾਂ ਬਾਪ ਦੀ ਅੱਖ ਦੇ ਤਾਰੇ
ਪਿਛਲੀ ਉਮਰ ਦੇ ਜੀਣ ਸਹਾਰੇ।

## ਵਸੀਅਤ

ਕਿੰਨੀ ਬੇ-ਰਹਿਮੀ ਨਾਲ
ਮਰਿਆ ਪਿਆ ਹੈ ਗਰੀਬ ਵਿਚਾਰਾ
ਆਪਣੇ ਨਾਲ ਤਾਂ ਉਹ
ਲਈ ਫਿਰਦਾ ਸੀ ਅਤਿ ਦੀ ਗਰੀਬੀ
ਨੰਗ ਹੰਢਾਇਆ ਸੀ ਉਸ ਤਨ ਦੇ ਉੱਤੇ।
ਇਹ ਕਰੰਗ ਇਕ ਪਾਸੜ ਪਿਆ
ਚੌੜੀ ਤੇ ਦੋਹਰੀ ਸੜਕ ਕਿਨਾਰੇ
ਉਸ ਦੀਆਂ ਖੁੱਲ੍ਹੀਆਂ ਅੱਖਾਂ ਵਿੱਚ
ਅਣਲਿਖੀ ਪਈ ਹੈ ਇਕ ਵਸੀਅਤ
ਕਿਸੇ ਇਕ ਦੇ ਨਾਂ ਨਹੀਂ
ਸਿਰਫ਼ ਤੇ ਸਿਰਫ਼ ਬੰਦੇ ਦੇ ਨਾਂ
ਜੋ ਬੰਦੇ ਨੂੰ ਬੰਦਾ ਜਾਣਦਾ ਹੋਵੇ
ਤੇ ਬੰਦੇ ਦੀ
ਹੈਸੀਅਤ ਨੂੰ ਪਹਿਚਾਣਦਾ ਹੋਵੇ।
ਮੈਂ ਆਪਣੀ ਇਹ
ਮਰੀਅਲ ਜਿਹੀ ਦੇਹ
ਅਤੇ ਇਸ ਦੇ ਅੰਗਾਂ ਨੂੰ
ਹੱਡ ਮਾਸ ਸਮੇਤ ਲੋੜਵੰਦਾਂ ਨੂੰ
ਮੁਫ਼ਤ ਵਿੱਚ ਦਾਨ ਕਰਦਾ ਹਾਂ
ਅਤੇ ਬਿਆਨ ਕਰਦਾ ਹਾਂ
ਕਿ ਮੈਂ ਸਮੇਂ ਦੇ
ਕਹਿਰ ਤੇ ਸਿੱਤਮ ਨਾਲ
ਸਿਦਕ ਨਾਲ ਲੜਿਆ ਹਾਂ
ਆਪਣੀ ਮੌਤੇ ਵੀ
ਮੈਂ ਆਪ ਹੀ ਮਰਿਆ ਹਾਂ
ਮਰੇ ਬੰਦੇ ਦੀਆਂ

ਮਰ ਜਾਂਦੀਆਂ ਨੇ ਸਭ ਜਾਤਾਂ
ਚੜ੍ਹਦੇ ਸੂਰਜ ਵੇਲੇ ਵੀ
ਕਦੇ ਕਦੇ ਹੋ ਜਾਂਦੀਆਂ ਨੇ ਰਾਤਾਂ
ਮੈਂ ਖ਼ੁਦ ਹਾਂ ਵਾਰਿਸ
ਆਪਣੇ ਆਪ ਦਾ
ਤੇ ਸੰਤਾਪਿਆ ਪੁੱਤ ਹਾਂ
ਆਪਣੇ ਮਾਂ ਬਾਪ ਦਾ
ਸੁੱਤਾ ਨਹੀਂ ਹਾਂ
ਮੈਂ ਹੁਣ ਵੀ ਜਾਗ ਰਿਹਾ ਹਾਂ
ਧੀਰਜ ਨਾਲ ਤੜਫ਼ ਰਹੇ
ਲੋਕਾਂ ਦਾ ਭਾਗ ਰਿਹਾ ਹਾਂ
ਜਾਓ—
ਆਪਣਾ ਆਪਣਾ ਫ਼ਿਕਰ ਕਰੋ
ਮੈਂ ਤੁਹਾਨੂੰ ਦੋਸ਼ ਨਹੀਂ ਦਿੰਦਾ
ਠੰਡ ਵਿੱਚ ਠਰੇ
ਤੇ ਧੁੱਪਾਂ ਵਿੱਚ ਸੜੇ ਨੂੰ
ਲੋੜ ਨਹੀਂ ਹੁੰਦੀ
ਚਿਖਾ ਜਾਂ ਕਬਰ ਦੀ
ਮਨ ਦੀ ਮਿੱਟੀ 'ਚ
ਮਰ ਮਿਟ ਗਿਆ ਹਾਂ
ਆਪਣੀ ਅਗਨੀ
ਆਪ ਹੀ ਭਖ ਰਿਹਾ ਹਾਂ
ਜਾਓ—
ਆਪਣਾ ਆਪਣਾ ਰਾਹ ਫੜੋ
ਮੇਰੇ ਲਈ ਕੁਝ ਨਾ ਕਰੋ
ਮੇਰੇ ਲਈ ਇਥੇ ਹੀ
ਸਵਰਗ ਤੇ ਨਰਕ ਹੈ
ਭੁੱਖਾ ਹਾਂ ਜਾਂ ਪਿਆਸਾ ਹਾਂ
ਹੁਣ ਕੀ ਫ਼ਰਕ ਹੈ।

## ਸ਼ੰਕਾ

ਤੱਤਾ ਥੰਮ ਤਾਂ
ਨਜ਼ਰ ਆਉਂਦਾ ਹੈ
ਸਦਾਚਾਰ ਦਾ ਲਾਲ ਸੂਹਾ
ਪਰ ਉਸ ਦੇ ਉੱਤੇ
ਹਉਮੈ ਵਿਚ ਡੁੱਬੀ
ਬੇਵਸੀ ਦੀ ਕੀੜੀ
ਨਜ਼ਰ ਨਹੀਂ ਆਉਂਦੀ ਕਿਧਰੇ
ਸਮੇਂ ਦੇ ਹਰਨਾਕਸ਼ ਦਾ
ਲਾਖਾ ਹੋਇਆ ਲਹੂ ਤੱਤਾ
ਅੱਖਾਂ ਵਿੱਚ ਦੀ ਹੂਰਦਾ
ਮੇਰੇ ਵੱਲ ਨੂੰ ਘੂਰਦਾ
ਹਿਨੋਰੇ ਫੁੰਡ ਮੱਥੇ ਧਰਦਾ
ਵਿਚੇ ਵਿਚ ਰਿਝਦਾ
ਤੇ ਵਿਚ ਗੁੱਸੇ ਦੇ ਸੜਦਾ।
ਮੈਂ ਸੰਸਾ ਤੇ ਸਹਿਮ ਸਦਕਾ
ਹੋ ਗਿਆ ਹਾਂ ਪਾਣੀ ਪਾਣੀ
ਸੋਹਲ ਮੇਰੇ ਜਿਸਮ ਨੂੰ
ਪਿਘਲਣ ਦੀ
ਹੈ ਜਾਚ ਖ਼ੁਦ ਆ ਜਾਣੀ।
ਕਹਿਰ ਦਾ ਇਕ ਜਜ਼ਬਾ ਲੈ ਕੇ
ਯਖ਼ ਠੰਡੇ ਥੰਮ ਨੂੰ
ਅਹਿਸਾਸ ਦਾ ਜੱਫਾ ਮਾਰਦਾ
ਤਾਂ—
ਕੀੜੀਆਂ ਮੇਰੇ ਵਜੂਦ ਵਿੱਚ
ਦੌੜਨ ਲੱਗੀਆਂ ਮੁਸਲਸਲ ਦੌੜ

ਜ਼ਿਹਨ ਵਿਚਲਾ ਕੀੜੀ ਭੌਣ
ਆਉਂਦੇ ਬਰਸਾਤੀ ਮੌਸਮ ਲਈ
ਚਾਹਤ ਦਾ ਰਾਸ਼ਨ ਢੋਅ ਢੋਅ
ਨਾ ਹੀ ਅੱਕਦਾ ਨਾ ਹੀ ਥੱਕਦਾ।
ਥੰਮ—
ਜਿਉਂ ਦਾ ਤਿਉਂ ਤੱਤਾ
ਕਰਦਾ ਹਾਂ ਮਹਿਸੂਸ ਮੈਂ
ਆਪਣੇ ਹੀ ਦਾਸ ਦੇ ਹਜ਼ੂਰ
ਹੋਇਆ ਪਿਆ ਹਾਂ ਮਜਬੂਰ।
ਹਰਨਾਕਸ਼—
ਖ਼ੁਦ ਇਕ ਗਰਜ ਹਾਸਾ ਹੱਸਦਾ
ਕਹਿਰ ਦਾ ਚਾਬਕ ਪਿੰਡੇ ਝਾੜਦਾ
ਕਿਆਮਤ ਦੀ ਫਿਰ ਮਾਰ ਮਾਰਦਾ
ਮੈਂ ਗੁਆਚੇ ਮੋਹ ਦੇ
ਅੱਖਰ ਭਾਲਦਾ
ਬੇ-ਹਰਫ਼ ਹੋ ਗਿਆ ਹਾਂ
ਸਿਰ ਤੋਂ ਲੈ ਕੇ ਪੈਰਾਂ ਤੱਕ
ਆਪਣਿਆਂ ਤੋਂ ਲੈ ਕੇ ਗੈਰਾਂ ਤੱਕ।
ਚੀਕ ਉਠਦਾ ਹੈ ਜ਼ਿਹਨ ਫਿਰ
ਭਗਤ ਤਾਂ ਮੈਂ
ਜਨਮ ਤੋਂ ਨਹੀਂ ਬਣ ਸਕਿਆ
ਮੇਰੇ ਅੰਦਰ ਲੁਕਿਆ ਮਾਲਕ
ਨਹੀਂ ਹੈ ਮੇਰੇ ਕਹਿਣ ਵਿੱਚ
ਆਪਣੇ ਨਾਦ ਨੂੰ ਆਪੇ ਜਾਣੇ
ਤੇ ਨੱਚਦੇ ਗਾਉਂਦੇ ਛਿਣ ਪਛਾਣੇ
ਧਰਮ-ਅ-ਧਰਮ ਦੀ ਤੀਰਥ ਯਾਤਰਾ
ਨਿਰਮਲ ਦਿਲ ਤੇ ਸੁੱਚੇ ਤਨ ਲਈ

ਬੇ-ਮਕਸਦ ਹੈ ਇਹ ਖੋਟਾ ਪੈਂਡਾ।
ਕੋਈ ਵੀ ਗੁਰੂ
ਮੇਰੇ ਅੰਦਰਲੇ ਅਕਾਸ਼ ਦੇ
ਅੱਜ ਤੱਕ ਮੇਚ ਨਹੀਂ ਆਇਆ
ਨਾ ਹੀ ਗਿਆ ਮੈਂ ਭਰਮਾਇਆ।
ਮੇਰੇ ਮਨ ਦੀ ਮਥਰਾ
ਜਿਉਂ ਦੀ ਤਿਉਂ ਉਜਾੜ
ਵੀਰਾਨ ਰੋਹੀ ਦੇ ਚੋਅ ਵਾਂਗ
ਕੱਖ ਕਾਨ ਨਾ ਉੱਗੇ ਜਿਥੇ
ਪਥਰੀਲੀ ਰੱਕੜ ਭੋਂ ਦੇ ਵਾਂਗ
ਇਹ ਤਾਂ
ਪਾਕ ਅੱਲਾ ਦੇ ਰੰਗਾਂ ਵਿੱਚ
ਰੰਗੀ ਹੋਈ ਹੈ ਰੂਹ ਮੇਰੀ
ਕਿਸੇ ਲਈ
ਈਦਗਾਹ ਕਿਵੇਂ ਬਣ ਸਕਦੀ ਹੈ
ਆਤਮਿਕ ਜੋਤ ਪੂਜਣ ਹਾਰੀ
ਪਾਪ ਪੁੰਨ ਦੀ ਕਿਰਿਆ ਸਾਰੀ।
ਕੋਈ ਵੀ ਘੜਿਆਲ
ਜਾਂ ਸਲੋਕ ਕਿਸੇ ਗਰੰਥ ਦਾ
ਮਸਤਕ ਵਿਚ
ਸਿੱਧਾ ਨਹੀਂ ਵੱਜਿਆ ਆ ਕੇ
ਅਤੇ
ਨਾ ਹੀ ਰੂਹ ਨਰੋਈ ਨੂੰ
ਬੇ-ਆਬਰੂ ਤੇ ਬੇਸਬਰਾ ਹੋ ਕੇ
ਕਰ ਸਕਿਆ ਹੈ ਜ਼ਖ਼ਮੀ ਕੋਈ।
ਧੁਆਂਖੇ ਸੁਪਨਿਆਂ ਦੀ
ਹੱਦ ਦੇ ਉਸ ਪਾਰ

ਸੋਚਾਂ ਦੇ ਜੰਗਲ ਵਿੱਚ ਗੁਆਚਾ
ਖੰਜਰਾਂ ਦੀ ਮਾਲਾ ਵਿੰਨਿਆ
ਵਜੂਦ ਮੇਰਾ ਕਦੇ ਵੀ
ਪਰਲ੍ਹਾਦ ਨਹੀਂ ਹੋ ਸਕਦਾ
ਹਾਂ ਵਿੱਚ ਹਾਂ ਮਿਲਾਉਣਾ
ਮਨੁੱਖ ਦੀ ਆਦਤ ਹੈ
ਕਿਸੇ ਅਨੋਖੇ ਸਰਾਪ ਵਰਗੀ
ਪਰ ਮੇਰੀ ਫਿਤਰਤ
ਕਦਾਚਿਤ ਨਹੀਂ ਹੋ ਸਕਦੀ
ਅੱਗ ਦੇ ਕਿਨਾਰੇ ਵਹਿੰਦੀ
ਡੁੱਬਦੀ ਹੋਈ ਲਹਿਰ ਵਰਗੀ।
ਇਹ ਤਾਂ ਹੈ
ਇਕ ਨਰੋਆ ਤੇ ਨਵਾਂ ਜੀਵਨ
ਅਤੇ ਸ਼ੰਕਾ
ਨਵੇਂ ਜੀਵਨ ਲਈ
ਅਧੂਰੀਆਂ ਉਮੰਗਾਂ ਦਾ
ਸੁਪਨਾ ਸੁਪਨਾ ਹੋਇਆ ਵਰਦਾਨ
ਤੇ ਰਹੱਸਮਈ ਪਲਾਂ ਲਈ
ਖਿੜਿਆ-ਖਿੜਿਆ ਜੀਵਨ ਦਾਨ
ਹਨੇਰੇ ਜ਼ਿਹਨ ਅੰਦਰ
ਜਗਦੇ ਨੂਰ ਦਾ ਇਕ-ਇਕ ਕਿਣਕਾ
ਇੰਜ ਜਾਪੇ
ਜਿਵੇਂ ਤਨ ਮਨ ਦੇ ਉੱਤੇ
ਹੋਇਆ ਹੋਵੇ
ਖ਼ੁਦਾ ਦੀ ਰਹਿਮਤ ਦਾ ਛਿਣਕਾ।

## ਜਾਤ ਮਾਨਸ ਕੀ

ਸਰਬੱਤ ਦਾ ਭਲਾ ਤਾਂ
ਅਰਦਾਸ ਕਰਦੇ ਸਮੇਂ
ਭਾਈ ਦੀਆਂ ਵਧੀਆਂ ਹੋਈਆਂ
ਮੁੱਛਾਂ ਵਿੱਚ ਹੀ
ਗੁਆਚ ਜਾਂਦਾ ਹੈ ਕਿਧਰੇ
ਲੋੜ ਤੋਂ ਵੱਧ
ਵਧੇ ਹੋਏ ਦਾੜ੍ਹੇ ਦਾ ਗੌਰਵ
ਪ੍ਰਸ਼ਾਦ ਵਾਲੇ ਹੱਥ
ਫੇਰਨ ਤੇ ਪੂੰਝਣ ਤੱਕ ਹੀ
ਸੀਮਤ ਹੋ ਗਿਆ ਲੱਗਦਾ ਹੈ।
ਡਾਢੀ ਹੱਤਕ ਹੈ
ਉਸ ਵਿਚਾਰੇ ਭਾਈ ਦੀ
ਆਮ ਆਦਮੀ ਦੀ
ਅੱਖ ਵਿੱਚ ਅੱਖ ਪਾਉਣਾ
ਅਤੇ ਰੱਬ ਦੇ ਭਾਣੇ ਨੂੰ
ਉਸਦੇ ਹੁਕਮ ਵਿੱਚ ਰਹਿ ਕੇ
ਮਿੱਠੇ ਤੋਂ ਮਿੱਠਾ ਕਰਕੇ ਮੰਨਣਾ।
ਉਪਦੇਸ਼ਾਂ ਦੇ ਉਪਦੇਸ਼
ਅੰਦਰ ਉਸਦੇ ਸੁਲਘਦੇ
ਭਾਂਬੜ ਮਚਦੇ ਵਿਚਾਰਾਂ ਦੇ
ਸੁਆਹ ਦੇ ਸੰਗ ਸੁਆਹ ਹੋਏ।
ਵੀਰਾਨ ਕਿਸੇ ਟਾਪੂ ਜਿਹਾ
ਅਗਿਆਨਤਾ ਵਿੱਚ ਡੁੱਬਾ
ਕਿਨਾਰੇ ਦੀ ਰੇਤਾ ਵਿੱਚੋਂ
ਦਰਿਆ ਆਪਣੇ ਨੂੰ ਭਾਲਦਾ

ਜਲੌਅ ਅੱਖਾਂ ਦਾ
ਲੱਟ ਲੱਟ ਜਗਦਾ
ਤੇਜ਼ ਤੱਪ ਚਿਹਰੇ ਦਾ
ਸੂਰਜ ਵਾਂਗ ਮੱਘਦਾ।
ਛੁਹ-ਚਰਨਾਂ ਤੋਂ ਉੱਪਰ ਤੱਕ
ਮੱਖਮਲੀ ਹੱਥਾਂ ਦੀ
ਨਾਮ-ਅ-ਨਾਮ ਵਿੱਚ
ਮਸਤ ਕਰ ਜਾਂਦੀ
ਸਹਿਜ ਭਾਅ ਉਸ ਭਾਈ ਨੂੰ
ਕਾਮ, ਕਰੋਧ, ਮੋਹ, ਹੰਕਾਰ
ਭਟਕਣ ਲੱਗਦੇ ਹੋ ਦੁਸ਼ਵਾਰ
ਮੱਟਲ ਜਿਹੇ ਜ਼ਿਹਨ ਦੇ ਘੇਰੇ
ਸੋਚ ਮੀਸਣੀ ਲਾਏ ਡੇਰੇ
ਖ਼ੁਸ਼ਬੋ ਇਕ ਨਵੇਕਲੀ
ਧੂੰਨੀ ਦੇ ਚੁਫ਼ੇਰੇ ਘੁੰਮਦੀ
ਸੁਰ ਕੰਬਦੇ ਸ਼ਬਦਾਂ ਦੀ
ਹਰ ਇਕ ਦੀ ਨਜ਼ਰ ਚੁੰਮਦੀ
ਬੇ-ਚੈਨ ਤੇ ਬੇ-ਸਬਰ ਹੋਇਆ
ਉਹ ਫੁਲਿਆ ਨਹੀਂ ਸਮਾਉਂਦਾ
ਮਿੱਠੀ ਦੇਗ ਦੇ ਚੌਲਾਂ ਵਾਂਗੂੰ
ਹਰ ਇਕ ਨੂੰ ਉਹ ਭਰਮਾਉਂਦਾ
ਬਾਣੀ-ਅ-ਬਾਣੀ ਦੀ ਅੰਨੀ ਸ਼ਰਧਾ
ਮਿਠਾਸ ਕੌੜੀ ਸਲੋਕਾਂ ਦੀ
ਦਿਨ ਦਿਹਾੜੇ ਲੁੱਟ ਹੋਏ
ਗੂੰਗੀ ਚੁੱਪ ਵਿਚ ਲੋਕਾਂ ਦੀ।
ਅੰਦਰ ਹੀ ਅੰਦਰ ਕੀਰਨੇ ਪਾ ਕੇ
ਚਰਨ ਧੂੜ ਨੂੰ ਮੱਥੇ ਲਾਉਂਦਾ

ਬੁੜ ਬੁੜ ਕਰਦਾ ਮੂੰਹ ਦਾ ਅੰਦਰ
ਗਾਤਰੇ ਦਾ ਅਹਿਸਾਸ ਕਰਾਉਂਦਾ
ਮੀਟ ਕੇ ਅੱਖਾਂ ਉਸ ਫ਼ੁਰਮਾਇਆ
"ਕਲਯੁੱਗ ਦਾ ਹੈ ਮੌਸਮ ਆਇਆ
ਦਿਲਾਂ ਦੇ ਬੀਮਾਰ ਹੀ ਜਾਨਣ
ਸਾਧੂ ਸੰਤ ਬਰ੍ਹਮ ਪਛਾਨਣ
ਖਲਾਅ 'ਚ ਲਟਕਦੇ ਪਲਾਂ ਵਾਂਗਰ
ਉਸ ਪ੍ਰਭੂ ਦੇ ਅਸੀਂ ਆਸ਼ਕ
ਝੂਠ ਨੇ ਬੋਲ ਚੁੱਪ ਹੈ ਸੱਚ
ਰਸ ਭਿੰਨਾ ਹੈ ਥੋੜ੍ਹਾ ਬੇਸ਼ਕ
ਇਸ਼ਕ ਵਿੱਚ ਭੁੱਜੇ ਅੰਤਰਜਾਮੀ
ਲੋਕ ਪ੍ਰਲੋਕ ਦੇ ਬਰ੍ਹਮ ਗਿਆਨੀ
ਸਾਧ ਸੰਗਤ ਦੀ ਲੀਲਾ ਨਿਆਰੀ
ਵਾਹਿਗੁਰੂ ਨੂੰ ਲੱਗੇ ਪਿਆਰੀ
ਨਾਮ ਪ੍ਰਭੂ ਦਾ ਜਾਪਦੇ ਰਹਿਣਾ
ਬੁਰਾ ਭਲਾ ਨਾ ਕਿਸੇ ਕਹਿਣਾ
ਰਾਗ ਭੈਰਵੀ ਦਾ ਕਰੋ ਅਲਾਪ
ਸੱਚੇ ਦਿਲਾਂ ਦਾ ਇਹੋ ਜਾਪ।
ਪਾਪੀਆਂ ਨੂੰ ਉਹ ਬਖ਼ਸ਼ਣਹਾਰਾ
ਲੱਖ ਨਿਰੰਜਣ ਪੂਰਨ ਭਗਵਾਨ
ਪੂਰੀ ਕਰੇ ਅਰਾਧਨਾ ਸਤਿਗੁਰ
ਵਾਹਿਗੁਰੂ ਬੋਲੋ ਬੋਲੋ ਰਾਮ।
ਸਦਾਚਾਰ ਦਾ ਬੁਰਕਾ ਪਾ ਕੇ
ਪਵਿੱਤਰ ਪਾਪੀ ਪਾਪ ਕਮਾਇਆ
ਵਿਚ ਹਉਮੈ ਦੇ ਸੜਦੇ ਭੁੱਜਦੇ
ਓਪਰੇ ਮਨੋ ਪਾਠ ਦੁਹਰਾਇਆ
ਧਰਮ ਦੀਆਂ ਖੋਲ ਕੇ ਹੱਟਾਂ

ਥਾਂ ਥਾਂ ਨਫ਼ਰਤ ਬੀ ਖਿਲਾਰੇ
ਪਾਪ ਪੁੰਨ ਦੇ ਨਾਂ ਦੇ ਉੱਤੇ
ਇੱਜ਼ਤਾਂ ਲੁੱਟਦੇ ਦਿਨ ਦਿਹਾੜੇ
ਮਾਇਆ ਦਾ ਤਿਆਗ ਕਰਾਉਂਦੇ
ਲੁੱਟ ਮਚਾਈ ਆਪ ਮੱਕਾਰਾਂ
ਸ਼ਰਨ ਆਏ ਦੀ ਰਾਖੀ ਕਰਦੇ
ਹੁਕਮ ਇਹਨਾਂ ਦੇ ਚਲਣ ਸਰਕਾਰਾਂ
ਭੱਦਰ ਪੁਰਸ਼ ਮੰਦਰਾਂ ਅੰਦਰ
ਪਾਪ ਦੀ ਜੰਞ ਨਿੱਤ ਚੜਾਉਂਦੇ
ਰਾਗ ਆਸਾ ਦੀ ਉੱਚੀ ਸੁਰ ਵਿੱਚ
ਮੂੰਹ ਚਿੜਾਉਂਦੇ  ਨਾ ਸ਼ਰਮਾਉਂਦੇ
ਭਗਵੇਂ ਭੇਸ ਦੇ ਚੋਲੇ ਪਾ ਕੇ
ਗਰੀਬ ਕਿਸੇ ਨੂੰ ਮੂੰਹ ਨਾ ਲਾਉਂਦੇ
ਸੰਗਤ ਪੰਗਤ ਦੇ ਢੋਲ ਢਮੱਕਾ
ਤੜਕਾ ਆਪਣਾ ਵੱਖਰਾ ਲਾਉਂਦੇ
ਨੇਕੀ ਬਦੀ ਜੇਬਾਂ ਵਿੱਚ ਪਾਈ
ਰੱਬ ਕੋਲੋਂ ਭੋਰਾ ਨਾ ਡਰਦੇ
ਸ਼ਬਦ ਗੁਰੂ ਦੇਣ ਬਹਾਨੇ
ਅੰਦਰ ਜਾ ਮਨ ਆਈ ਕਰਦੇ।
ਮਨ ਪਰਚਾਉਂਦੇ ਦਿਲ ਬਹਿਲਾਉਂਦੇ
ਲੋਕਾਂ 'ਚ ਡਰ ਰੱਬ ਦਾ ਪਾਉਂਦੇ
ਜਾਤ ਮਾਨਸ ਦੀ ਰੱਬ ਦਾ ਬੰਦਾ
ਮਨਮੁੱਖ ਹੋਇਆ ਗੁਰਮੁੱਖ ਬੰਦਾ।

## ਖਤਰਨਾਕ

ਜਾਪਦਾ ਹੈ ਕਿ ਕਿਧਰੇ ਮੈਂ
ਗੁਆਚ ਗਿਆ ਹਾਂ ਖ਼ਾਮੋਸ਼ੀ ਵਿੱਚ
ਅਤੇ ਘੁੰਮਦਾ ਫਿਰਦਾ ਹਾਂ
ਅਰਧ ਚੇਤਨਾ ਦੀ ਭੀੜ ਵਿੱਚ
ਚਿਹਰੇ ਤੇ ਲੈ ਕੇ
ਸੁਪਨਿਆਂ ਦੀ ਭੀੜ ਦੇ ਨਕਸ਼।
ਬੇ-ਪਛਾਣ ਹੋਇਆ ਮੇਰਾ ਆਪਣਾ ਆਪ
ਮੀਲ ਪੱਥਰ ਤੇ ਲਿਖੀ
ਊਟ ਪਟਾਂਗ ਜਿਹੀ ਇਬਾਰਤ
ਬਣ ਗਈ ਮੇਰੇ ਲਈ ਬੁਝਾਰਤ
ਜਿਸਨੂੰ ਹਰ ਅੱਖ ਸਮਝਦੀ ਹੈ
ਖਤਰਨਾਕ ਸਿਮਟਿਆ ਹੋਇਆ ਬਿੰਦੂ
ਜਾਂ ਅਣਚਾਹੀ ਵਾਟ ਦਾ
ਡਰੌਣਾ ਜਿਹਾ ਭਰਮ ਜ਼ਖ਼ਮੀਂ ਪੈਰਾਂ ਦਾ ਕਰਮ।
ਰਾਹ ਲੱਭਦੇ ਲੱਭਦੇ
ਜ਼ਿੰਦਗੀ ਦਾ ਸਾਰੀ ਉਮਰ
ਅਤੀਤ ਦੇ ਖ਼ਾਬ
ਤੇ ਚਿੰਤਾ ਦੇ ਚਿਕੜ ਵਿੱਚ
ਖੁਰ ਗਏ ਆਪਣੇ ਆਪ
ਤੇ ਖੁਰ ਗਿਆ ਗੰਧ ਨਾਲ ਭਰਿਆ

ਮੇਰਾ ਆਪਣਾ ਮੇਰੇ ਅੰਦਰ
ਫਿਰ ਇੱਛਾ ਨੂੰ ਜਗਾਉਂਦਾ
ਬਣ ਗਿਆ ਇਹ
ਯਾਦਾਂ ਦਾ ਇਕ ਖ਼ੂਬਸੂਰਤ ਮੰਦਰ।
ਸਫ਼ਰ ਤਾਂ
ਧੁਰ ਦਰਗਾਹੋਂ ਦਰਕਾਰ ਹੈ
ਪੈਰਾਂ ਨਾਲ ਬਣੀ ਮੌਜ ਬਹਾਰ ਹੈ
ਤੁਰੇ ਜਾਂਦੇ ਹਾਂ
ਆਪਣੀ ਹੀ ਜ਼ਹਿਨੀਅਤ ਵੱਲ
ਪਗਡੰਡੀਆਂ ਦੀ ਕਰਦੇ ਭਾਲ
ਮਜ਼ਬੂਰ ਹਵਾ ਦੇ ਨਾਲ ਨਾਲ
ਵੇਖੀਏ ਕਦੋਂ ਤੱਕ
ਪੌਣ ਘੋੜੇ ਤੇ ਹੋ ਕੇ ਸਵਾਰ
ਝਲਦੇ ਰਹਿਣਾ ਤੂੰ
ਤੇਰੀ ਚੁੱਪ ਵਿੱਚ ਖੁੱਭ ਕੇ
ਦੁੱਖ ਆਪਣੇ ਦਾ ਭਾਰ!
ਦੁੱਖ ਆਪਣੇ ਦਾ ਭਾਰ!!

## ਅਜੋਕੀ ਕਥਾ

ਭਾਰਤ ਦਾ ਮਜ਼ਦੂਰ ਭੁੱਖਾ ਭਾਣਾ
ਵਿੱਚ ਜ਼ਿੰਦਗੀ ਹੋਇਆ ਨਿਤਾਣਾ
ਦਿਹਾੜੀ ਜਿਸਨੂੰ ਕਦੇ ਨਾ ਮਿਲਦੀ
ਦੱਸੇ ਉਹ ਗੱਲ ਕਿਸ ਨੂੰ ਦਿਲ ਦੀ
ਸਿਤਮ ਤੇ ਜ਼ੁਲਮ ਸਹਿ ਰਿਹਾ ਹੈ
ਕਹਿਣ ਨੂੰ
ਫੀਲ ਗੁੱਡ ਮਹਿਸੂਸ ਕਰ ਰਿਹਾ ਹੈ।
ਨੀਲੀ ਛੱਤ ਦੇ ਥੱਲੇ ਬੈਠਾ
ਕਰ ਰਿਹਾ ਹੈ ਜੁੱਤੀਆਂ ਪਾਲਿਸ਼
ਗੰਢ ਰਿਹਾ ਹੈ ਟੁੱਟੇ ਜੋੜੇ
ਧੁੱਪ 'ਚ ਬੈਠਾ ਸਿਰੜ ਦਾ ਧਾਰਨੀ
ਸਿਦਕ ਨਾਲ ਜੀਅ ਰਿਹਾ ਜ਼ਿੰਦਗੀ
ਅੱਧਾ ਭੁੱਖਾ ਸੌਂ ਜਾਂਦਾ ਹੈ
ਪੇਟ 'ਚ ਦੇ ਕੇ ਦੋਵੇਂ ਗੋਡੇ
ਸਵੇਰੇ ਉੱਠਦਾ ਦੋਵੇਂ ਹੱਥ ਜੋੜਦਾ
ਮੂੰਹ ਚੁੱਕ ਅਰਜ਼ ਕਰ ਰਿਹਾ ਹੈ
ਸ਼ਾਇਦ
ਫੀਲ ਗੁੱਡ ਮਹਿਸੂਸ ਕਰ ਰਿਹਾ ਹੈ।

ਰਿਕਸ਼ਾ ਚਲਾਉਂਦਾ
ਮਾਲ ਤੇ ਬੰਦੇ ਢੋਂਦਾ
ਤੇਜ਼ ਤੇਜ਼ ਉਹ ਪੈਡਲ ਮਾਰੇ
ਦਿਨ ਨੂੰ ਦਿਸਦੇ ਉਹਨੂੰ ਤਾਰੇ
ਸਾਰਾ ਦਿਨ ਸ਼ਹਿਰ ਭੌਂਦਾ
ਭੁੱਖਾ ਨੰਗਾ ਸੜਕ ਤੇ ਸੌਂਦਾ
ਚੰਗੇ ਭਵਿੱਖ ਦੇ ਸੁਪਨੇ ਲੈ ਰਿਹਾ ਹੈ
ਕਹਿਣ ਨੂੰ
ਫੀਲ ਗੁੱਡ ਮਹਿਸੂਸ ਕਰ ਰਿਹਾ ਹੈ।
ਨਿੱਕੇ ਨਿੱਕੇ ਸੁਕੜੇ ਬੱਚੜੇ
ਸਕੂਲ ਜਾਣ ਦੀ ਬਜਾਏ
ਭੁੱਖੇ ਨੰਗੇ ਅਤੇ ਤਿਹਾਏ
ਪਿੰਡਾਂ ਦੀਆਂ ਰੂੜੀਆਂ ਤੋਂ
ਪਲਾਸਟਿਕ ਲਫ਼ਾਫ਼ੇ ਚੁੱਗਦੇ ਫਿਰਦੇ
ਪੱਥਰ ਹੋਏ ਰੂਹ ਤੇ ਹਿਰਦੇ
ਭਾਰਤ ਉਦੈ ਦੀ ਸਿੱਖਿਆ ਨੀਤੀ
ਗਰੀਬਾਂ ਲਈ ਗਈ ਪਲੀਤੀ
ਟੁੱਕ ਦੇ ਬਦਲੇ ਵਿਕ ਰਹੀਆਂ ਇੱਜ਼ਤਾਂ
ਅਤੇ ਹੋਰ ਵੀ
ਬੜਾ ਕੁਝ ਹੋ ਰਿਹਾ।
ਫਿਰ ਵੀ
ਫੀਲ ਗੁੱਡ ਮਹਿਸੂਸ ਕਰ ਰਿਹਾ ਹੈ।
ਤੰਗੀਆਂ ਤੇ ਤੁਰਸੀਆਂ ਦਾ ਮਾਰਿਆ
ਕਿਸਮਤ ਹੱਥੋਂ ਸਦਾ ਹੀ ਹਾਰਿਆ
ਕਰਜ਼ੇ ਦੇ ਭਾਰ ਹੇਠ ਦੱਬਿਆ

ਕਹਿਣ ਨੂੰ ਭਾਰਤ ਦਾ ਅੰਨਦਾਤਾ
ਅੰਨਾ ਖੂਹ ਹੈ ਜਿਸਦਾ ਖਾਤਾ
ਖੁਦਕੁਸ਼ੀ ਕਰਨ ਦੇ ਲਈ
ਸਲਫ਼ਾਸ ਖਾ ਰਿਹਾ ਹੈ
ਉਂਞ ਤਾਂ ਕਹਿਣ ਨੂੰ
ਫੀਲ ਗੁੱਡ ਮਹਿਸੂਸ ਕਰ ਰਿਹਾ ਹੈ।
ਸੜਕ ਦੇ ਕੰਢੇ ਰੋੜੀ ਕੁੱਟਦੀ
ਟੋਕਰੀਆਂ ਨਾਲ ਮਿੱਟੀ ਸੁੱਟਦੀ
ਲਹੂ ਪਸੀਨਾ ਇਕ ਹੈ ਕਰਦੀ
ਨਾ ਉਹ ਜਿਊਂਦੀ ਨਾ ਉਹ ਮਰਦੀ
ਗੋਦ 'ਚ ਪਾ ਕੇ ਦੁੱਧ ਚੁੰਘਾਵੇ
ਠੇਕੇਦਾਰ ਦੀ ਨਜ਼ਰ ਚੜ੍ਹ ਜਾਵੇ
ਵੀਹ ਦਾ ਨੋਟ ਉਸ ਨੂੰ ਦਿਖਾਵੇ
ਹਨੇਰੇ ਦੀ ਓਟ ਡੇਰੇ ਬੁਲਾਵੇ
ਪੇਟ ਭਰਕੇ ਰਾਸ਼ਨ ਖਾਵੇ
ਫੀਲ ਗੁੱਡ ਹੁਣ ਸਮਝ ਆਵੇ।
ਵਿਦਿਆ ਮੰਦਰ ਕਾਰਖ਼ਾਨੇ ਬਣ ਗਏ
ਤਕੜਿਆਂ ਦੇ ਬੱਚੇ ਅਫ਼ਸਰ ਬਣ ਗਏ
ਫੀਸ ਨਹੀਂ ਪੱਲੇ ਕਿਵੇਂ ਪੜ੍ਹਾਈਏ
ਅੱਧ ਵਿਚਕਾਰੋਂ ਬੱਚੇ ਹਟਾਈਏ
ਨਾ ਉਹ ਕੰਮ ਦੇ ਨਾ ਉਹ ਘਰ ਦੇ
ਰੁਜ਼ਗਾਰ ਨਾ ਮਿਲਦਾ ਨਿੱਤ ਲੜਦੇ
ਘਰੋਂ ਭੱਜ
ਫੀਲ ਗੁੱਡ ਮਹਿਸੂਸ ਕਰਦੇ
ਰੇਲ਼ਾਂ ਦੇ ਅੱਗੇ ਜਾ ਸੀਸ ਧਰਦੇ।

ਕਿਸੇ ਹੱਥ ਖੰਜ਼ਰ ਕਿਸੇ ਤਲਵਾਰ
ਪੇਟ 'ਚ ਖੁੱਭੇ ਤ੍ਰਿਸ਼ੂਲ ਦਾ ਵਾਰ
ਘਰਾਂ ਨੂੰ ਅੱਗਾਂ ਤੇ ਹਾਹਾਕਾਰ
ਤਾਂਡਵ ਨੱਚਦੇ ਵਿਚ ਬਾਜ਼ਾਰ
ਭੁੱਖੇ ਮਰੋ ਜਾਂ ਇਸ ਤਰ੍ਹਾਂ ਮਰੋ
ਪਰ ਫੀਲ ਗੁੱਡ ਮਹਿਸੂਸ ਕਰੋ।
ਇੱਜ਼ਤਾਂ ਲੁੱਟਦੇ ਰੇਪ ਕਰਦੇ
ਭੈਣ ਭਰਾ ਦੇ ਰਹੇ ਨਾ ਪਰਦੇ
ਗੁਪਤ ਅੰਗਾਂ ਨੂੰ ਕੱਟਦੇ ਵੱਢਦੇ
ਜੀਣ ਜੋਗਾ ਨਾ ਬਾਕੀ ਛੱਡਦੇ
ਘਰੀ ਬਾਹਰ ਵੀ ਨਾ ਟਿਕਣ ਦਿੰਦੇ
ਫੀਲ ਗੁੱਡ ਦੇ ਇਹ ਦਰਿੰਦੇ।
ਸੱਪਾਂ ਦੇ ਪੁੱਤ ਕਾਲੇ ਨਾਗ
ਅਲਾਪਦੇ ਰਹਿੰਦੇ ਆਪਣਾ ਰਾਗ
ਸਿਰ ਮੁਨਾ ਕੇ ਭਗਵੇਂ ਪਾ ਕੇ
ਕਰਨ ਲੱਗੇ ਇਹ ਰਾਜ ਭਾਗ
ਸਿਰ ਤੇ ਪਹਿਨ ਕੇ ਸ਼ਕਤੀ ਤਾਜ਼
ਕਹਿੰਦੇ "ਆ ਗਿਆ ਹੈ ਰਾਮ ਰਾਜ"
ਫੀਲ ਗੁੱਡ ਮਹਿਸੂਸ ਕਰਦੇ।
ਬੰਸਰੀ ਨਾਲ ਡੁੱਗ ਡੁੱਗੀ ਵਜਾਉਂਦੇ
ਝੂਠ ਸੱਚ ਦਾ ਤਮਾਸ਼ਾ ਕਰਦੇ
ਬਾਂਦਰ ਵਾਂਗ ਲੋਕ ਨਚਾਉਂਦੇ
ਫੀਲ ਗੁੱਡ ਮਹਿਸੂਸ ਕਰਾਉਂਦੇ

ਰੱਥ 'ਚ ਬੈਠ ਕਰਕੇ ਹਾਰ ਸ਼ਿੰਗਾਰ
ਹੋ ਰਿਹਾ ਹੈ ਫੀਲ ਗੁੱਡ ਦਾ ਪ੍ਰਚਾਰ
ਜਿਵੇਂ ਆ ਰਹੀ ਹੋਵੇ
ਭਾਰਤ ਉਦੈ ਤੋਂ ਵੀ
ਕੋਈ ਉਤਾਂਹ ਦੀ ਬਹਾਰ
ਕਿਸੇ ਜਾਦੂਗਰ ਦਾ ਅਨੋਖਾ ਚਮਤਕਾਰ
ਜੋ ਹਟਾਵੇ ਗਰੀਬੀ ਤੇ ਦੇਵੇ ਰੁਜ਼ਗਾਰ
ਸਿਆਸਤ ਹੋ ਗਿਆ ਹੈ ਵਪਾਰ
ਨੇਤਾਵਾਂ ਨੂੰ ਚੜ੍ਹ ਜਾਂਦਾ ਚੋਣ ਬੁਖ਼ਾਰ
ਜਲਸੇ ਕਰਦੇ ਨਾਹਰੇ ਲਾਉਂਦੇ
ਹੱਥ ਜੋੜਕੇ ਵਾਸਤੇ ਪਾਉਂਦੇ
ਘਰ ਘਰ ਜਾਕੇ ਵੋਟਾਂ ਮੰਗਦੇ
ਕਰਤੂਤਾਂ ਤੋਂ ਕਦੇ ਨਾ ਸੰਗਦੇ
ਉਂਗਲਾਂ ਚੁੱਕ ਚੁੱਕ ਭਾਸ਼ਨ ਦਿੰਦੇ
ਚਮਕਾ ਦਿਆਂਗੇ ਭਾਰਤ ਕਹਿੰਦੇ
ਪਰ ਬਣਾ ਲੈਂਦੇ ਰੰਗਲੇ ਬੰਗਲੇ
ਤੇ ਚਮਕਾ ਲੈਂਦੇ ਨੇ
ਆਪਣਾ ਭਵਿੱਖ ਤੇ ਆਪਣੇ ਘਰ
ਆਪਣੀਆਂ ਹੀ ਜਿੱਤਾਂ ਹਾਰਾਂ ਦਾ
ਸਦਾ ਰਹੇ ਉਹਨਾਂ ਨੂੰ ਡਰ
ਲੋਕ ਤਾਂ ਕੁਝ ਵੀ ਮਹਿਸੂਸ ਨਹੀਂ ਕਰ ਰਹੇ
ਪਰ ਆਪ ਉਹ
ਵੈਰੀ ਵੈਰੀ ਗੁੱਡ ਮਹਿਸੂਸ ਕਰ ਰਹੇ ਹਨ।
ਫੀਲ ਗੁੱਡ ਮਹਿਸੂਸ ਕਰ ਰਹੇ ਹਨ।